She said there was a proper channel for police officers to raise their grievances and termed the social media post a violation of departmental rules. "There is a mechanism in the department to raise issues but instead Sunil chose social media to mobilise support. This is indiscipline," she said.

Refinery admin clarifies doubts regarding wages

Mukesh Tandon
TRIBUNE NEWS SERVICE

Claims 60% workers back at project site

PANIPAT, FEBRUARY 28

Saturday marked the sixth day of the ongoing standoff between IOCL refinery labourers and the administration. The labourers held a protest march near the refinery under the banner of the CITU today. Officials said doubts regarding wages had been clarified for the labourers' representatives and claimed that around 60 per cent of labourers had returned to the project site.

The officials of the district administration, led by Vivek Chaudhary, Additional Commissioner, Municipal Corporation (MC), along with Panipat SDM Mandeep Kumar, Israna SDM Navdeep Singh, two DSPs and refinery officials held a meeting with the protesting labourers' representatives.

On the condition of anonymity, a refinery official said talks with the representatives of the labourers reached a consensus on Saturday evening. According to the official, approximately 60 per cent of labourers had returned to the P-25 project site. "However, work has not resumed at full pace so far," the official added.

ਦੇਸ਼ ਨੂੰ ਬਦਨਾਮ ਕਰ ਰਹੀ ਹੈ ਕਾਂਗਰਸ: ਮੋਦੀ

ਰਾਜਸਥਾਨ 'ਚ ਵਿਰੋਧੀ ਧਿਰ 'ਤੇ ਨਿਸ਼ਾਨਾ ਸੇਧਿਆ; ਲੜਕੀਆਂ ਲਈ ਐੱਚ ਪੀ ਵੀ ਟੀਕਾਕਰਨ ਪ੍ਰੋਗਰਾਮ ਲਾਂਚ

ਅਹਿਮਦਾਬਾਦ ਜ਼ਿਲ੍ਹੇ ਵਿੱਚ ਸੈਮੀ ਕੰਡਕਟਰ ਪਲਾਂਟ ਦਾ ਉਦਘਾਟਨ

ਜੈਪੁਰ/ਸਾਣੰਦ, 28 ਫਰਵਰੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਏ ਆਈ ਇੰਪੈਕਟ ਸੰਮੇਲਨ' ਦੌਰਾਨ ਕਾਂਗਰਸ ਯੂਥ ਵਿੰਗ ਵਰਕਰਾਂ ਦੇ ਵਿਰੋਧ ਪ੍ਰਦਰਸ਼ਨ 'ਤੇ ਅੱਜ ਵਿਰੋਧੀ ਧਿਰਾਂ 'ਤੇ ਤਿੱਖਾ ਹੱਲਾ ਬੋਲਿਆ ਅਤੇ ਕਿਹਾ ਕਿ ਕਾਂਗਰਸ ਹੁਣ 'ਮੁਸਲਿਮ ਲੀਗ-ਮਾਓਵਾਦੀ ਕਾਂਗਰਸ' ਬਣ ਚੁੱਕੀ ਹੈ, ਜੋ ਦੇਸ਼ ਨੂੰ ਬਦਨਾਮ ਕਰਨ ਦਾ ਕੋਈ ਵੀ ਮੌਕਾ ਨਹੀਂ ਛੱਡਦੀ। ਰਾਜਸਥਾਨ ਦੇ ਅਜਮੇਰ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਭਾਰਤ ਨਾਲ ਮੁਸਲਿਮ ਲੀਗ ਦੀ ਨਫ਼ਰਤ ਹੀ ਵੰਡ ਦਾ ਕਾਰਨ ਹੈ ਤੇ ਅੱਜ ਕਾਂਗਰਸ ਦਾ ਵਤੀਰਾ ਵੀ ਉਸੇ ਤਰ੍ਹਾਂ ਦਾ ਹੈ। ਮਾਓਵਾਦੀ ਵੀ ਭਾਰਤ ਦੀ ਖ਼ੁਸ਼ਹਾਲੀ, ਸਾਡੇ ਸੰਵਿਧਾਨ ਤੇ ਸਫਲ ਲੋਕਤੰਤਰ ਨਾਲ ਨਫ਼ਰਤ ਕਰਦੇ ਹਨ।

ਪ੍ਰਧਾਨ ਮੰਤਰੀ 16,600 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਤੇ ਉਦਘਾਟਨ ਕਰਨ ਲਈ ਅਜਮੇਰ ਆਏ ਸਨ। ਉਨ੍ਹਾਂ ਇਸ ਮੌਕੇ 14 ਸਾਲ ਦੀਆਂ ਲੜਕੀਆਂ ਲਈ ਐੱਚ ਪੀ ਵੀ ਟੀਕਾਕਰਨ ਪ੍ਰੋਗਰਾਮ ਵੀ ਲਾਂਚ ਕੀਤਾ। ਇਹ ਟੀਕਾਕਰਨ ਮੁਹਿੰਮ ਸਰਵੀਕਲ ਕੈਂਸਰ ਖ਼ਿਲਾਫ਼ ਵਿੱਢੀ ਗਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦ ਪੂਰੀ ਦੁਨੀਆ ਭਾਰਤ ਦੀ ਪ੍ਰਸ਼ੰਸਾ ਕਰਦੀ ਹੈ ਤਾਂ ਦੇਸ਼ਵਾਸੀਆਂ ਨੂੰ ਮਾਣ ਹੁੰਦਾ ਹੈ ਪਰ ਕਾਂਗਰਸ ਆਲਮੀ ਮੰਚਾਂ 'ਤੇ ਦੇਸ਼ ਦੀ ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਕਰਦੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਜ਼ਰੀ ਵਿੱਚ ਲੜਕੀ ਦਾ ਟੀਕਾਕਰਨ ਕਰਦੀ ਹੋਈ ਸਿਹਤ ਕਰਮੀ। -ਫੋਟੋ: ਏ ਐਨ ਆਈ

ਮੋਦੀ ਦੇ ਬਿਆਨ 'ਚੋਂ ਝਲਕਦੀ ਹੈ 'ਰਾਜਨੀਤਕ ਮਾਯੂਸੀ': ਗਹਿਲੋਤ

ਜੈਪੁਰ: ਅਜਮੇਰ 'ਚ ਪ੍ਰਧਾਨ ਮੰਤਰੀ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਹਾ ਕਿ ਇਸ ਵਿਚੋਂ 'ਰਾਜਨੀਤਕ ਮਾਯੂਸੀ' ਝਲਕਦੀ ਹੈ ਤੇ ਨਾਲ ਹੀ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਆਪਣੇ ਆਪ ਨੂੰ 'ਦੇਸ਼ ਤੋਂ ਉੱਚਾ' ਨਹੀਂ ਸਮਝਣਾ ਚਾਹੀਦਾ।

ਪ੍ਰਧਾਨ ਮੰਤਰੀ ਅੱਜ ਤਾਮਿਲਨਾਡੂ, ਪੁੱਡੂਚੇਰੀ ਦੌਰੇ 'ਤੇ

ਚੇਨਈ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਨੂੰ ਤਾਮਿਲਨਾਡੂ ਤੇ ਪੁੱਡੂਚੇਰੀ ਦੇ ਦੌਰੇ 'ਤੇ ਰਹਿਣਗੇ। ਇਸ ਮੌਕੇ ਉਹ ਕਈ ਸਕੀਮਾਂ ਦਾ ਉਦਘਾਟਨ ਕਰਨਗੇ। ਮਦੁਰਈ ਵਿਚ ਉਹ ਇਕ ਮੰਦਰ 'ਚ ਵੀ ਨਤਮਸਤਕ ਹੋਣਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਬਾਅਦ ਦੁਪਹਿਰ ਗੁਜਰਾਤ ਦੇ ਅਹਿਮਦਾਬਾਦ ਜ਼ਿਲ੍ਹੇ 'ਚ ਇਕ ਸੈਮੀਕੰਡਕਟਰ ਪਲਾਂਟ ਦਾ ਉਦਘਾਟਨ ਵੀ ਕੀਤਾ। -ਪੀਟੀਆਈ

ਗੁਜਰਾਤ ਵਿਧਾਨ ਸਭਾ 'ਚ ਐੱਸ ਆਈ ਆਰ 'ਤੇ ਚਰਚਾ

ਕਾਂਗਰਸ ਅਤੇ 'ਆਪ' ਵਿਧਾਇਕਾਂ ਨੇ ਵੋਟਰਾਂ ਦੇ ਨਾਮ ਹਟਾਉਣ ਸਮੇਤ ਹੋਰ ਮੁੱਦੇ ਚੁੱਕੇ

ਗਾਂਧੀਨਗਰ, 28 ਫਰਵਰੀ

ਕਾਂਗਰਸ ਅਤੇ 'ਆਪ' ਵਿਧਾਇਕਾਂ ਨੇ ਅੱਜ ਗੁਜਰਾਤ ਵਿਧਾਨ ਸਭਾ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸ ਆਈ ਆਰ) 'ਚ ਕਥਿਤ ਬੇਨਿਯਮੀਆਂ ਦਾ ਮੁੱਦਾ ਚੁੱਕਿਆ। ਵੋਟਰ ਸੂਚੀਆਂ ਦੀ ਸੁਧਾਈ ਲਈ ਇਸ ਵਿੱਤੀ ਵਰ੍ਹੇ 'ਚ ਕੀਤੇ ਖ਼ਰਚੇ ਨੂੰ ਦਰਸਾਉਣ ਵਾਲੇ ਨਮਿੱਤਣ ਬਿੱਲ 'ਤੇ ਚਰਚਾ ਦੌਰਾਨ ਵਿਰੋਧੀ ਧਿਰਾਂ ਨੇ ਵੋਟਰ ਸੂਚੀਆਂ 'ਚੋਂ ਨਾਮ ਹਟਾਉਣ ਲਈ ਫਾਰਮ 7 ਵੱਡੀ ਗਿਣਤੀ 'ਚ ਭਰੇ ਜਾਣ ਬਾਰੇ ਸ਼ਿਕਾਇਤਾਂ ਕੀਤੀਆਂ। ਸਪੀਕਰ ਸ਼ੰਕਰ ਚੌਧਰੀ ਨੇ ਕਾਂਗਰਸ ਦੇ ਦੋ ਅਤੇ 'ਆਪ' ਦੇ ਇਕ ਵਿਧਾਇਕ ਨੂੰ ਬਿੱਲ ਬਾਰੇ ਬੋਲਣ ਦੀ ਇਜਾਜ਼ਤ ਦੇ ਦਿੱਤੀ ਸੀ ਪਰ ਗੁਜਰਾਤ ਦੇ ਜੰਗਲਾਤ ਅਤੇ ਵਾਤਾਵਰਨ ਬਾਰੇ ਮੰਤਰੀ ਅਰਜੁਨ ਮੋਢਵਾਡੀਆ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਨਾਲ ਸਬੰਧਤ ਮਾਮਲਿਆਂ ਨੂੰ ਵਿਧਾਨ ਸਭਾ 'ਚ ਨਹੀਂ ਵਿਚਾਰਿਆ ਜਾ ਸਕਦਾ ਹੈ। ਕਾਂਗਰਸ ਅਤੇ 'ਆਪ' ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ। ਦੋਵੇਂ ਧਿਰਾਂ ਦੇ ਵਿਚਾਰ ਸੁਣਨ ਮਗਰੋਂ ਸਪੀਕਰ ਨੇ ਕਿਹਾ ਕਿ ਪਹਿਲਾਂ ਵੀ ਅਜਿਹੇ ਮੁੱਦਿਆਂ 'ਤੇ ਚਰਚਾ ਹੁੰਦੀ ਰਹੀ ਹੈ। ਉਨ੍ਹਾਂ ਮੈਂਬਰਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਚੋਣ ਕਮਿਸ਼ਨ 'ਤੇ ਹਮਲੇ ਕਰਨ ਤੋਂ ਗੁਰੇਜ਼ ਕਰਨ। 'ਆਪ' ਵਿਧਾਇਕ ਚੇਤਰ ਵਸਾਵਾ ਨੇ ਦੋਸ਼ ਲਾਇਆ ਕਿ 17 ਅਤੇ 18 ਜਨਵਰੀ ਨੂੰ ਫਾਰਮ 7 ਰਾਹੀਂ ਭਰੀਆਂ ਅਰਜ਼ੀਆਂ ਦਾ ਅਚਾਨਕ ਹੀ ਹੜ੍ਹ ਆ ਗਿਆ, ਜਿਨ੍ਹਾਂ 'ਚ ਵੋਟਰਾਂ ਦੇ ਨਾਮ ਹਟਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹੀਆਂ ਅਰਜ਼ੀਆਂ ਬਿਨਾਂ ਕਿਸੇ ਤਰ੍ਹਾਂ ਦੇ ਦਸਤਾਵੇਜ਼ੀ ਸਬੂਤਾਂ ਦੇ ਦਾਖ਼ਲ ਹੋਈਆਂ ਹਨ। ਕਾਂਗਰਸ ਵਿਧਾਇਕ ਜਿਗਨੇਸ਼ ਮੇਵਾਨੀ ਨੇ ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਬਣਾਏ ਸੰਵਿਧਾਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਵੋਟ ਪਾਉਣਾ ਬੁਨਿਆਦੀ ਹੱਕ ਹੈ। -ਪੀਟੀਆਈ

ਬਹੁ-ਕਰੋੜੀ ਜੀ ਐੱਸ ਟੀ ਘੁਟਾਲੇ ਦਾ ਮੁਲਜ਼ਮ ਗ੍ਰਿਫ਼ਤਾਰ

ਐੱਸ ਟੀ ਐੱਫ ਨੇ ਹਿਸਾਰ ਤੋਂ ਕੀਤਾ ਕਾਬੂ

ਨੋਇਡਾ: ਉੱਤਰ ਪ੍ਰਦੇਸ਼ ਦੀ ਵਿਸ਼ੇਸ਼ ਟਾਸਕ ਫੋਰਸ (ਐੱਸ ਟੀ ਐੱਫ) ਨੇ ਕਥਿਤ 15,000 ਕਰੋੜ ਰੁਪਏ ਦੇ ਜੀ ਐੱਸ ਟੀ ਘੁਟਾਲੇ ਦੇ ਕੇਸ 'ਚ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸ ਟੀ ਐੱਫ ਦੀ ਨੋਇਡਾ ਯੂਨਿਟ ਵੱਲੋਂ ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਸ਼ਨਾਖ਼ਤ ਬਲਦੇਵ ਸਿੰਘ ਬੱਲੀ (38) ਵਜੋਂ ਹੋਈ ਹੈ ਜੋ ਹਰਿਆਣਾ ਦੇ ਹਿਸਾਰ ਦਾ ਵਾਸੀ ਹੈ। ਉਸ ਨੂੰ ਸ਼ੁੱਕਰਵਾਰ ਸ਼ਾਮ ਹਿਸਾਰ ਤੋਂ ਹੀ ਹਿਰਾਸਤ ਵਿਚ ਲਿਆ ਗਿਆ। ਐੱਸ ਟੀ ਐੱਫ ਦੇ ਵਧੀਕ ਐੱਸ ਪੀ ਰਾਜ ਕੁਮਾਰ ਮਿਸ਼ਰਾ ਨੇ ਦੱਸਿਆ ਕਿ ਮੁਲਜ਼ਮ ਦੇ ਸਿਰ 'ਤੇ 50 ਹਜ਼ਾਰ ਰੁਪਏ ਦਾ ਇਨਾਮ ਸੀ। ਅਧਿਕਾਰੀ ਮੁਤਾਬਕ ਮੁਲਜ਼ਮ ਕਥਿਤ ਤੌਰ 'ਤੇ ਅਣਜਾਣ ਵਿਅਕਤੀਆਂ ਦੇ ਪੈਨ ਕਾਰਡ ਵੇਰਵੇ ਹਾਸਲ ਕਰ ਕੇ ਧੋਖੇ ਨਾਲ ਉਨ੍ਹਾਂ ਦੇ ਨਾਂ 'ਤੇ ਜੀ ਐੱਸ ਟੀ ਰਜਿਸਟਰੇਸ਼ਨ ਕਰਵਾ ਲੈਂਦਾ ਸੀ। ਇਨ੍ਹਾਂ ਜੀ ਐੱਸ ਟੀ ਨੰਬਰਾਂ ਦੀ ਵਰਤੋਂ ਕਰ ਕੇ ਉਸ ਨੇ ਆਪਣੇ ਸਾਥੀਆਂ ਨਾਲ ਜਾਅਲੀ ਜੀ ਐੱਸ ਟੀ ਰਸੀਦਾਂ ਤੇ ਈ-ਵੇਅ ਬਿੱਲ ਬਣਾ ਲਏ ਤਾਂ ਕਿ ਉਹ ਧੋਖੇਬਾਜ਼ੀ ਨਾਲ ਇਨਪੁਟ ਟੈਕਸ ਕਰੈਡਿਟ ਪ੍ਰਾਪਤ ਕਰ ਸਕੇ। -ਪੀਟੀਆਈ

ਫਾਰਮ ਨੰ. 3 [ਦੇਖੋ ਰੈਗੂਲੇਸ਼ਨ-13 (1)(ਏ)]

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਗਰਾਊਂਡ ਫਲੋਰ, ਐਸਸੀਓ ਨੰ. 33-34-35, ਸੈਕਟਰ-17-ਏ, ਚੰਡੀਗੜ੍ਹ-160017

ਕੇਸ ਨੰ. OA/704/2025 Exh. No. 29748

ਕਰਜ਼ਾ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂ 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਦੇ ਨਾਲ ਪੜ੍ਹੇ ਜਾਣ ਵਾਲੇ ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਅਧੀਨ ਸੰਮਨ।

ਐਚਡੀਐਫਸੀ ਬੈਂਕ ਬਨਾਮ ਲਿਮ. ਬਨਾਮ ਸੁਖਜਿੰਦਰ ਸਿੰਘ ਮੰਗਤ ਰਾਮ ਅਤੇ ਹੋਰ

ਸੂਚਨਾ ਬਨਾਮ: (1) ਸੁਖਜਿੰਦਰ ਸਿੰਘ ਮੰਗਤ ਪੁੱਤਰ ਨਿਰਮਲ ਸਿੰਘ ਮੰਗਤ ਉਰਫ ਨਿਰਮਲ ਸਿੰਘ, ਨਿਵਾਸੀ ਮਕਾਨ ਨੰ. ਐਮ.ਸੀ.ਐਚ. 22-ਸੀ, ਰਾਜਗੁਰੂ ਨਗਰ, ਲੁਧਿਆਣਾ-141012
(2) ਨਿਰਮਲ ਸਿੰਘ ਉਰਫ ਨਿਰਮਲ ਸਿੰਘ ਮੰਗਤ ਪੁੱਤਰ ਸਾਹਿਬ ਸਿੰਘ, ਨਿਵਾਸੀ ਮਕਾਨ ਨੰ. ਐਮ.ਸੀ.ਐਚ. 22-ਸੀ, ਰਾਜਗੁਰੂ ਨਗਰ, ਲੁਧਿਆਣਾ-141012

ਸੰਮਨ

ਜਦੋਂਕਿ OA/704/2025 ਦੀ ਸੁਣਵਾਈ ਮਿਤੀ 12.02.2026 ਨੂੰ ਮਾਣਯੋਗ ਸਭਾਪਤੀ/ਰਜਿਸਟਰਾਰ ਦੇ ਸਾਹਮਣੇ ਹੋਈ ਸੀ।
ਜਦੋਂਕਿ ਇਸ ਮਾਣਯੋਗ ਟ੍ਰਿਬਿਊਨਲ ਵੱਲੋਂ (ਲੋੜੀ ਦਸਤਾਵੇਜ਼ਾਂ ਆਦਿ ਦੀਆਂ ਕਾਪੀਆਂ ਸਹਿਤ ਬਿਨੈ-ਪੱਤਰ) ਰੁ. 36,49,259.98/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖ਼ਿਲਾਫ਼ ਐਕਟ (ਓਏ) ਦੀ ਧਾਰਾ 19(4) ਅਧੀਨ ਉਕਤ ਬਿਨੈ-ਪੱਤਰ 'ਤੇ ਸੰਮਨ/ਨੋਟਿਸ ਜਾਰੀ ਕੀਤਾ ਗਿਆ ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਨੁਸਾਰ ਨਿਰਦੇਸ਼ ਦਿੱਤੇ ਗਏ: i) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸੋ ਕਿ ਬੇਨਤੀ ਕੀਤੇ ਅਨੁਸਾਰ ਰਾਹਤ ਕਿਉਂ ਨਾ ਪ੍ਰਦਾਨ ਕੀਤੀ ਜਾਵੇ। ii) ਮੂਲ ਬਿਨੈ-ਪੱਤਰ ਦੇ ਲੜੀ ਨੰ. 3ਏ ਅਧੀਨ ਬਿਨੈਕਾਰ ਵੱਲੋਂ ਨਿਰਦਿਸ਼ਟ ਪ੍ਰਾਪਰਟੀਜ਼ ਅਤੇ ਆਸਾਮੀਆਂ ਤੋਂ ਇਲਾਵਾ ਪ੍ਰਾਪਰਟੀਜ਼ ਜਾਂ ਆਸਾਮੀਆਂ ਦਾ ਵੇਰਵਾ ਦੇਣਾ। iii) ਪ੍ਰਾਪਰਟੀਜ਼ ਦੀ ਅਟੈਚਮੈਂਟ ਲਈ ਬਿਨੈ-ਪੱਤਰ ਦੀ ਵਿਚਾਰ ਅਧੀਨ ਸੁਣਵਾਈ ਅਤੇ ਡਿਸਪੋਜ਼ਲ ਦੇ ਚੱਲਦੇ ਮੂਲ ਬਿਨੈ-ਪੱਤਰ ਦੇ ਲੜੀ ਨੰਬਰ 3ਏ ਦੇ ਤਹਿਤ ਡਿਸਕਲੋਜ਼ ਕੀਤੇ ਅਜਿਹੇ ਹੋਰ ਆਸਾਮੀਆਂ ਅਤੇ ਪ੍ਰਾਪਰਟੀਜ਼ ਜਾਂ ਸਕਿਓਰਡ ਆਸਾਮੀਆਂ ਦੀ ਡਿਸਕਲੋਜ਼ਿੰਗ ਜਾਂ ਡੀਲਿੰਗ 'ਤੇ ਤੁਹਾਡੇ ਉੱਤੇ ਪਾਬੰਦੀ ਹੈ। iv) ਤੁਸੀਂ ਟ੍ਰਿਬਿਊਨਲ ਦੀ ਪਹਿਲਾਂ ਪ੍ਰਵਾਨਗੀ ਲਏ ਬਿਨਾਂ ਮੂਲ ਬਿਨੈ-ਪੱਤਰ ਦੇ ਲੜੀ ਨੰ. 3ਏ ਅਧੀਨ ਨਿਰਦਿਸ਼ਟ ਜਾਂ ਡਿਸਕਲੋਜ਼ ਕੀਤੇ ਹੋਰ ਆਸਾਮੀਆਂ ਅਤੇ ਪ੍ਰਾਪਰਟੀਜ਼ ਜਾਂ/ਅਤੇ ਸਕਿਓਰਡ ਇੰਟਰਸਟ ਵਾਲੇ ਆਸਾਮੀਆਂ ਦੇ ਕਿਸੇ ਵੀ ਸਾਧਾਰਨ ਬਿਜ਼ਨਸ ਤੋਂ ਇਲਾਵਾ ਕਿਸੇ ਹੋਰ ਰੂਪ ਵਿਚ ਇਸ ਦੀ ਵਿਕਰੀ, ਲੀਜ਼ ਰਾਹੀਂ ਟਰਾਂਸਫਰ ਨਹੀਂ ਕਰੋਗੇ। v) ਤੁਸੀਂ ਸਾਧਾਰਨ ਬਿਜ਼ਨਸ ਵਿਚ ਕਿਸੇ ਵੀ ਸਕਿਓਰਡ ਆਸਾਮੀਆਂ ਜਾਂ ਹੋਰ ਆਸਾਮੀਆਂ ਅਤੇ ਪ੍ਰਾਪਰਟੀਜ਼ ਦੀ ਵਿਕਰੀ ਰਾਹੀਂ ਪ੍ਰਾਪਤ ਵਿਕਰੀ ਕੀਮਤ ਲਈ ਖਾਤਾ ਬਣਾਉਂਦੇ ਹੋਏ ਰਕਮ ਨੂੰ ਅਜਿਹੇ ਆਸਾਮੀਆਂ ਸਬੰਧੀ ਸਕਿਓਰਿਟੀ ਇੰਟਰਸਟ ਵਾਲੇ ਬੈਂਕ ਜਾਂ ਮਾਲੀ ਸੰਸਥਾਵਾਂ ਵਿਚ ਮੇਂਟੇਨ ਕੀਤੇ ਖਾਤੇ ਵਿਚ ਜਮ੍ਹਾਂ ਕਰਵਾਓਗੇ। ਤੁਹਾਨੂੰ ਬਿਨੈਕਾਰ ਨੂੰ ਇਕ ਕਾਪੀ ਭੇਜਣ ਸਹਿਤ ਲਿਖਤ ਸਟੇਟਮੈਂਟ ਫਾਈਲ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ ਅਤੇ ਤੁਸੀਂ 06.05.2026 ਨੂੰ ਸਵੇਰੇ 10.30 ਵਜੇ ਰਜਿਸਟਰਾਰ ਦੇ ਸਾਹਮਣੇ ਹਾਜ਼ਰ ਹੋਵੋ, ਨਹੀਂ ਤਾਂ ਬਿਨੈ-ਪੱਤਰ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗ਼ੈਰ-ਹਾਜ਼ਰੀ ਵਿਚ ਫ਼ੈਸਲਾ ਦੇ ਦਿੱਤਾ ਜਾਵੇਗਾ।
ਅੱਜ ਮਿਤੀ 13.02.2026 ਨੂੰ ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਅਧੀਨ ਜਾਰੀ।

ਸਹੀ/- ਸੰਮਨ ਜਾਰੀ ਕਰਨ ਲਈ ਅਧਿਕਾਰਤ ਅਫ਼ਸਰ ਦੇ ਦਸਤਖ਼ਤ- ਡੀਆਰਟੀ-3

ਅਫ਼ਗ਼ਾਨ ਤਾਲਿਬਾਨ ਦੇ ਵੱਡੇ ਨੁਕਸਾਨ ਦਾ ਦਾਅਵਾ

ਖੇਤਰੀ ਤਾਕਤਾਂ ਵੱਲੋਂ ਤਣਾਅ ਘਟਾਉਣ ਲਈ ਕੂਟਨੀਤਕ ਕੋਸ਼ਿਸ਼ਾਂ

ਇਸਲਾਮਾਬਾਦ, 28 ਫਰਵਰੀ

ਪਾਕਿਸਤਾਨ ਦੀ ਸਰਕਾਰ ਨੇ ਕਿਹਾ ਹੈ ਕਿ ਅਫ਼ਗ਼ਾਨ ਤਾਲਿਬਾਨ ਵਿਰੁੱਧ ਕੀਤੀ ਜਾ ਰਹੀ ਕਾਰਵਾਈ 'ਚ ਲਗਭਗ 331 ਤਾਲਿਬਾਨ ਲੜਾਕੇ ਅਤੇ ਉਨ੍ਹਾਂ ਦੇ ਸਾਥੀ ਦਹਿਸ਼ਤੀ ਸੰਗਠਨਾਂ ਦੇ ਕਈ ਅਤਿਵਾਦੀ ਮਾਰੇ ਗਏ ਹਨ। ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾਉੱਲ੍ਹਾ ਤਾਰੜ ਨੇ ਕਿਹਾ ਕਿ 500 ਹੋਰ ਲੜਾਕੇ ਫੱਟੜ ਵੀ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਬਲਾਂ ਨੇ 104 ਫੌਜੀ ਚੌਕੀਆਂ ਪੂਰੀ ਤਰ੍ਹਾਂ ਤਬਾਹ ਕਰ ਦਿੱਤੀਆਂ ਹਨ, ਜਦਕਿ 22 ਸਰਹੱਦੀ ਚੌਕੀਆਂ 'ਤੇ ਕਬਜ਼ਾ ਕਰ ਲਿਆ ਹੈ। ਤਾਰੜ ਨੇ ਕਿਹਾ ਕਿ 163 ਟੈਂਕ, ਹਥਿਆਰਬੰਦ ਵਾਹਨ ਵੀ ਤਬਾਹ ਕਰ ਦਿੱਤੇ ਗਏ ਹਨ। ਪਾਕਿਸਤਾਨ ਨੇ ਹਵਾਈ ਹਮਲਿਆਂ ਵਿਚ 37 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ।

ਪਾਕਿਸਤਾਨ ਨੇ ਅਫ਼ਗ਼ਾਨ ਤਾਲਿਬਾਨ ਖ਼ਿਲਾਫ਼ ਅਪਰੇਸ਼ਨ "ਗ਼ਜ਼ਬ ਲਿਲ-ਹੱਕ" ਲਾਂਚ ਕੀਤਾ ਹੈ। ਸ਼ੁੱਕਰਵਾਰ ਸ਼ਾਮ ਪ੍ਰੈੱਸ ਕਾਨਫਰੰਸ ਵਿੱਚ ਫੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ ਅਫ਼ਗ਼ਾਨ ਤਾਲਿਬਾਨ ਨੂੰ ਪਾਕਿਸਤਾਨ ਤੇ ਅਤਿਵਾਦੀ ਸੰਗਠਨਾਂ ਵਿਚੋਂ, ਕਿਸੇ ਇਕ ਨੂੰ ਚੁਣਨਾ ਪਵੇਗਾ।

ਤਣਾਅ ਵਧਣ 'ਤੇ ਅਫ਼ਗ਼ਾਨ ਤਾਲਿਬਾਨ ਨੇ ਪਾਕਿਸਤਾਨ ਨਾਲ ਵਾਰਤਾ ਦੀ ਇੱਛਾ ਜ਼ਾਹਿਰ ਕੀਤੀ ਹੈ। ਅਫ਼ਗ਼ਾਨ ਵਿਦੇਸ਼ ਮੰਤਰੀ ਆਮਿਰ ਖਾਨ ਮੁੱਤਾਕੀ ਨੇ ਇਸ ਬਾਰੇ ਕਤਰ ਦੇ ਵਿਦੇਸ਼ ਰਾਜ ਮੰਤਰੀ ਨਾਲ ਗੱਲਬਾਤ ਕੀਤੀ ਹੈ। ਤਾਲਿਬਾਨ ਦੇ ਬੁਲਾਰੇ ਜ਼ਬੀਹੁੱਲ੍ਹਾ ਮੁਜਾਹਿਦ ਨੇ ਕਿਹਾ ਕਿ ਉਹ ਹੁਣ ਸੰਵਾਦ ਰਾਹੀਂ ਮਾਮਲਾ ਹੱਲ ਕਰਨਾ ਚਾਹੁੰਦੇ ਹਨ। ਖੇਤਰੀ ਮੁਲਕ ਵੀ ਤਣਾਅ ਘਟਾਉਣ ਲਈ ਕੂਟਨੀਤਕ ਪੱਧਰ ਉਤੇ ਕੋਸ਼ਿਸ਼ਾਂ ਕਰ ਰਹੇ ਹਨ। -ਪੀਟੀਆਈ

ਪਾਕਿਸਤਾਨ ਦੇ ਹਵਾਈ ਹਮਲਿਆਂ 'ਚ ਨੁਕਸਾਨੀ ਕਾਰ ਕੋਲ ਖੜ੍ਹਾ ਅਫ਼ਗ਼ਾਨ ਵਿਅਕਤੀ। -ਫੋਟੋ: ਰਾਇਟਰਜ਼

ਟਰੰਪ ਨੇ ਪਾਕਿ ਦਾ ਪੱਖ ਪੂਰਿਆ

ਨਿਊਯਾਰਕ: ਪਾਕਿਸਤਾਨ ਤੇ ਅਫ਼ਗ਼ਾਨਿਸਤਾਨ 'ਚ ਵਧਦੇ ਤਣਾਅ ਦਰਮਿਆਨ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦੇ ਪਾਕਿਸਤਾਨ ਨਾਲ ਬਹੁਤ ਚੰਗੇ ਸਬੰਧ ਹਨ ਤੇ ਦੇਸ਼ 'ਬਹੁਤ ਵਧੀਆ' ਪ੍ਰਦਰਸ਼ਨ ਕਰ ਰਿਹਾ ਹੈ। ਟਰੰਪ ਨੇ ਕਿਹਾ ਕਿ ਪਾਕਿਸਤਾਨ ਕੋਲ ਮਹਾਨ ਪ੍ਰਧਾਨ ਮੰਤਰੀ ਅਤੇ ਫੌਜੀ ਜਨਰਲ ਹੈ। ਟਰੰਪ ਨੂੰ ਪਾਕਿਸਤਾਨ ਵੱਲੋਂ ਅਫ਼ਗ਼ਾਨਿਸਤਾਨ ਨਾਲ 'ਖੁੱਲ੍ਹੀ ਜੰਗ' ਦੇ ਕੀਤੇ ਗਏ ਐਲਾਨ 'ਤੇ ਸਵਾਲ ਕੀਤਾ ਗਿਆ ਸੀ। -ਪੀਟੀਆਈ

ਟਰੰਪ ਵੱਲੋਂ ਪਾਕਿ ਦੀ ਹਮਾਇਤ 'ਤੇ ਕਾਂਗਰਸ ਨੇ ਤਨਜ਼ ਕਸਿਆ

ਨਵੀਂ ਦਿੱਲੀ: ਕਾਂਗਰਸ ਨੇ ਅੱਜ ਦਾਅਵਾ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਾ ਪਾਕਿਸਤਾਨ ਤੇ ਅਫ਼ਗ਼ਾਨਿਸਤਾਨ ਦੇ ਟਕਰਾਅ 'ਚ ਇਸਲਾਮਾਬਾਦ ਪ੍ਰਤੀ ਸਮਰਥਨ ਜਤਾਉਣਾ ਭਾਰਤ ਦੀ 'ਹਗਲੋਮੇਸੀ' (ਗਲੇ ਮਿਲਣ ਵਾਲੀ ਕੂਟਨੀਤੀ) ਲਈ ਝਟਕਾ ਹੈ ਤੇ 'ਸਵੈ-ਐਲਾਨਿਤ ਵਿਸ਼ਵਗੁਰੂ' ਬੇਨਕਾਬ ਹੋ ਗਏ ਹਨ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਟਰੰਪ ਵਾਰ-ਵਾਰ ਪਾਕਿਸਤਾਨੀ ਸੈਨਾ ਮੁਖੀ ਜਨਰਲ ਆਸਿਮ ਮੁਨੀਰ ਦੀ ਤਾਰੀਫ਼ ਕਰਦੇ ਹਨ, ਜਿਨ੍ਹਾਂ ਭੜਕਾਊ ਬਿਆਨ ਦੇ ਕੇ ਪਹਿਲਗਾਮ ਅਤਿਵਾਦੀ ਹਮਲੇ ਦੀ ਭੂਮਿਕਾ ਤਿਆਰ ਕੀਤੀ ਸੀ। ਦਰਅਸਲ ਟਰੰਪ ਨੇ ਪਾਕਿਸਤਾਨ ਤੇ ਅਫ਼ਗ਼ਾਨਿਸਤਾਨ ਦੇ ਸੈਨਿਕ ਟਕਰਾਅ 'ਚ ਪਾਕਿਸਤਾਨ ਪ੍ਰਤੀ ਸਮਰਥਨ ਜਤਾਇਆ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦੇ ਪਾਕਿਸਤਾਨ ਨਾਲ 'ਬਹੁਤ ਚੰਗੇ' ਸਬੰਧ ਹਨ ਤੇ ਉਹ ਇਸ ਸਮੇਂ (ਫ਼ੌਜੀ ਸੰਘਰਸ਼ 'ਚ) ਬਹੁਤ ਵਧੀਆ ਕਾਰਗੁਜ਼ਾਰੀ ਦਿਖਾ ਰਿਹਾ ਹੈ। -ਪੀਟੀਆਈ

ਨਗਦੀ ਲਿਜਾ ਰਿਹਾ ਫ਼ੌਜੀ ਜਹਾਜ਼ ਹਾਦਸਾਗ੍ਰਸਤ, 15 ਮੌਤਾਂ

ਲਾ ਪਾਜ਼ (ਬੋਲੀਵੀਆ), 28 ਫਰਵਰੀ

ਨਗਦੀ ਲੈ ਕੇ ਜਾ ਰਿਹਾ ਫੌਜੀ ਮਾਲਵਾਹਕ ਹਵਾਈ ਜਹਾਜ਼ ਸ਼ੁੱਕਰਵਾਰ ਨੂੰ ਦੱਖਣੀ ਅਮਰੀਕੀ ਮੁਲਕ ਬੋਲੀਵੀਆ ਦੀ ਰਾਜਧਾਨੀ ਲਾ ਪਾਜ਼ ਨੇੜੇ ਹਾਦਸਾਗ੍ਰਸਤ ਹੋ ਗਿਆ। ਹਾਦਸੇ ਵਿੱਚ 15 ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਹਾਦਸੇ ਕਾਰਨ ਹਾਈਵੇਅ 'ਤੇ ਦਰਜਨਾਂ ਵਾਹਨ ਵੀ ਨੁਕਸਾਨੇ ਗਏ। ਹਾਦਸੇ ਕਾਰਨ ਕਰੰਸੀ ਨੋਟ ਜ਼ਮੀਨ 'ਤੇ ਖਿੰਡ ਗਏ, ਜਿਨ੍ਹਾਂ ਨੂੰ ਚੁੱਕਣ ਲਈ ਲੋਕ ਇਕੱਤਰ ਹੋ ਗਏ। ਪੁਲੀਸ ਤੇ ਫੌਜੀ ਜਵਾਨਾਂ ਨੇ ਮਗਰੋਂ ਸੈਂਟਰਲ ਬੈਂਕ ਪ੍ਰਧਾਨ ਡੇਵਿਡ ਐਸਪੀਨੋਜ਼ਾ ਦੀ ਮੌਜੂਦਗੀ ਵਿਚ ਨਗਦੀ ਵਾਲੇ ਬਕਸਿਆਂ ਨੂੰ ਅੱਗ ਲਾ ਦਿੱਤੀ। ਐਸਪੀਨੋਜ਼ਾ ਨੇ ਕਿਹਾ ਕਿ ਇਸ ਕਰੰਸੀ ਦੀ ਕੋਈ ਕੀਮਤ ਨਹੀਂ ਹੈ, ਕਿਉਂਕਿ ਇਹ ਹਾਲੇ ਵਰਤੋਂ ਵਿੱਚ ਨਹੀਂ ਆਈ ਸੀ। ਪ੍ਰਾਪਤ ਜਾਣਕਾਰੀ ਮੁਤਾਬਕ ਹਰਕੂਲਸ ਸੀ-130 ਜਹਾਜ਼ ਨਵੀਂ ਛਪੀ ਬੋਲੀਵੀਅਨ ਕਰੰਸੀ ਲੈ ਕੇ ਜਾ ਰਿਹਾ ਸੀ। -ਏਪੀ

ਬੋਤਸਵਾਨਾ ਤੋਂ ਨੌਂ ਚੀਤੇ ਕੂਨੋ ਨੈਸ਼ਨਲ ਪਾਰਕ ਪੁੱਜੇ

ਭਾਰਤ 'ਚ ਚੀਤਿਆਂ ਦੀ ਕੁੱਲ ਗਿਣਤੀ 48 ਹੋਈ

ਸ਼ਿਵਪੁਰ (ਮੱਧ ਪ੍ਰਦੇਸ਼), 28 ਫਰਵਰੀ

ਅਫਰੀਕੀ ਮੁਲਕ ਬੋਤਸਵਾਨਾ ਤੋਂ ਨੌਂ ਹੋਰ ਚੀਤੇ ਸ਼ਨਿੱਚਰਵਾਰ ਨੂੰ ਕੂਨੋ ਨੈਸ਼ਨਲ ਪਾਰਕ ਵਿੱਚ ਲਿਆਂਦੇ ਗਏ ਹਨ। ਇਨ੍ਹਾਂ ਦੀ ਆਮਦ ਨਾਲ ਭਾਰਤ ਵਿੱਚ ਚੀਤਿਆਂ ਦੀ ਕੁੱਲ ਗਿਣਤੀ 48 ਹੋ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਚੀਤਿਆਂ ਦਾ ਇਹ ਤੀਜਾ ਬੈਚ ਅਫਰੀਕਾ ਤੋਂ ਭਾਰਤੀ ਹਵਾਈ ਸੈਨਾ ਦੇ ਜਹਾਜ਼ ਉੱਤੇ ਲਿਆਂਦਾ ਗਿਆ ਹੈ। ਕੇਂਦਰੀ ਵਾਤਾਵਰਨ, ਜੰਗਲਾਤ ਤੇ ਜਲਵਾਯੂ ਮੰਤਰੀ ਭੂਪੇਂਦਰ ਯਾਦਵ ਇਨ੍ਹਾਂ ਚੀਤਿਆਂ ਨੂੰ ਪਾਰਕ ਵਿੱਚ ਤਿਆਰ ਪਿੰਜਰਿਆਂ 'ਚ ਛੱਡਣਗੇ।

ਸ਼ਿਵਪੁਰ ਦੀ ਲੋਕ ਸੰਪਰਕ ਅਧਿਕਾਰੀ ਅਵੰਤਿਕਾ ਸ੍ਰੀਵਾਸਤਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਭਾਰਤੀ ਹਵਾਈ ਸੈਨਾ ਦਾ ਜਹਾਜ਼ ਇਸ ਨਵੇਂ ਬੈਚ ਨੂੰ ਬੋਤਸਵਾਨਾ ਤੋਂ ਗਵਾਲੀਅਰ ਲੈ ਕੇ ਆਇਆ ਤੇ ਅੱਗੋਂ ਭਾਰਤੀ ਹਵਾਈ ਸੈਨਾ ਦੇ ਚੌਪਰ ਉੱਤੇ ਕੂਨੋ ਨੈਸ਼ਨਲ ਪਾਰਕ ਲਿਆਂਦਾ ਗਿਆ। ਅਫਰੀਕਾ ਤੋਂ ਆਏ ਚੀਤਿਆਂ ਦਾ ਇਹ ਤੀਜਾ ਬੈਚ ਹੈ। ਇਸ ਤੋਂ ਪਹਿਲਾਂ ਨਾਮੀਬੀਆ ਤੇ ਦੱਖਣੀ ਅਫਰੀਕਾ ਤੋਂ ਚੀਤੇ ਲਿਆਂਦੇ ਗਏ ਸਨ।

ਪ੍ਰਾਜੈਕਟ ਚੀਤਾ ਦੇ ਡਾਇਰੈਕਟਰ ਉੱਤਮ ਸ਼ਰਮਾ ਨੇ ਕਿਹਾ, "ਹੋਰ ਚੀਤਿਆਂ ਦੀ ਆਮਦ ਨਾਲ ਭਾਰਤ ਵਿੱਚ ਇਨ੍ਹਾਂ ਦੇ ਪੁਨਰ ਸੁਰਜੀਤੀ ਪ੍ਰੋਗਰਾਮ ਨੂੰ ਮਜ਼ਬੂਤੀ ਮਿਲੇਗੀ। ਕੇਂਦਰ ਸਰਕਾਰ ਦੀ ਹਮਾਇਤ ਨਾਲ ਸਾਡਾ ਟੀਚਾ ਇਨ੍ਹਾਂ ਦੀ ਆਬਾਦੀ ਨੂੰ ਜਲਦੀ ਤੋਂ ਜਲਦੀ 50 ਤੱਕ ਵਧਾਉਣ ਦਾ ਹੈ।" ਉਨ੍ਹਾਂ ਕਿਹਾ ਕਿ ਤਿੰਨ ਚੀਤੇ ਗਾਂਧੀ ਸਾਗਰ ਜੰਗਲੀ ਜੀਵ ਰੱਖ 'ਚ ਭੇਜੇ ਗਏ ਹਨ ਤੇ 36 ਚੀਤੇ ਕੂਨੋ ਨੈਸ਼ਨਲ ਪਾਰਕ ਵਿੱਚ ਹਨ। -ਪੀਟੀਆਈ

ਕੇਂਦਰੀ ਮੰਤਰੀ ਭੂਪੇਂਦਰ ਯਾਦਵ ਬੋਤਸਵਾਨਾ ਤੋਂ ਲਿਆਂਦੇ ਚੀਤਿਆਂ ਨੂੰ ਕੂਨੋ ਨੈਸ਼ਨਲ ਪਾਰਕ ਵਿੱਚ ਛੱਡਦੇ ਹੋਏ। -ਫੋਟੋ: ਏਐੱਨਆਈ

Form No. 3 [See Regulation-13 (1)(a)]

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਗਰਾਊਂਡ ਫਲੋਰ, ਐਸਸੀਓ 33-34-35, ਸੈਕਟਰ-17-ਏ, ਚੰਡੀਗੜ੍ਹ-160017

ਕੇਸ ਨੰ: ਓਏ/219/2024 Exh. No. 29950

ਕਰਜ਼ਾ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂ 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਦੇ ਨਾਲ ਪੜ੍ਹੇ ਜਾਣ ਵਾਲੇ ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਅਧੀਨ ਸੰਮਨ।

ਐਚਡੀਐਫਸੀ ਬੈਂਕ ਬਨਾਮ ਮੈਸਰਜ਼ ਜੇਆਈਸੀ ਟ੍ਰੇਡਿੰਗ ਅਤੇ ਹੋਰ

ਸੂਚਨਾ ਬਨਾਮ: 1) ਜੇ. ਕੇ. ਟ੍ਰੇਡਿੰਗ B-IV, 2026-1, ਚੌੜਾ ਬਾਜ਼ਾਰ, ਲੁਧਿਆਣਾ, ਪੰਜਾਬ ਮਾਰਫਤ ਇਸ ਦੇ ਮਾਲਕ ਸ੍ਰੀ ਰਾਹੁਲ ਅਰੋੜਾ, 2) ਰਾਹੁਲ ਅਰੋੜਾ ਪੁੱਤਰ ਸ੍ਰੀ ਪ੍ਰੇਮ ਨਾਥ ਅਰੋੜਾ, ਨਿਵਾਸੀ 51-ਸੀ, ਟੈਗੋਰ ਨਗਰ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ।

ਸੰਮਨ

ਜਦੋਂਕਿ ਓਏ/219/2024 ਦੀ ਸੁਣਵਾਈ ਮਿਤੀ 21.02.2026 ਨੂੰ ਮਾਣਯੋਗ ਸਭਾਪਤੀ/ਰਜਿਸਟਰਾਰ ਦੇ ਸਾਹਮਣੇ ਹੋਈ ਸੀ।
ਜਦੋਂਕਿ ਇਸ ਮਾਣਯੋਗ ਟ੍ਰਿਬਿਊਨਲ ਵੱਲੋਂ (ਲੋੜੀ ਦਸਤਾਵੇਜ਼ਾਂ ਆਦਿ ਦੀਆਂ ਕਾਪੀਆਂ ਸਹਿਤ ਬਿਨੈ-ਪੱਤਰ) ਰੁ. 27,88,432.02/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖ਼ਿਲਾਫ਼ ਐਕਟ (ਓਏ) ਦੀ ਧਾਰਾ 19(4) ਅਧੀਨ ਉਕਤ ਬਿਨੈ-ਪੱਤਰ 'ਤੇ ਸੰਮਨ/ਨੋਟਿਸ ਜਾਰੀ ਕੀਤਾ ਗਿਆ ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਨੁਸਾਰ ਨਿਰਦੇਸ਼ ਦਿੱਤੇ ਗਏ:
(i) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸੋ ਕਿ ਬੇਨਤੀ ਕੀਤੇ ਅਨੁਸਾਰ ਰਾਹਤ ਕਿਉਂ ਨਾ ਪ੍ਰਦਾਨ ਕੀਤੀ ਜਾਵੇ। (ii) ਮੂਲ ਬਿਨੈ-ਪੱਤਰ ਦੇ ਲੜੀ ਨੰ. 3ਏ ਅਧੀਨ ਬਿਨੈਕਾਰ ਵੱਲੋਂ ਨਿਰਦਿਸ਼ਟ ਪ੍ਰਾਪਰਟੀਜ਼ ਅਤੇ ਆਸਾਮੀਆਂ ਤੋਂ ਇਲਾਵਾ ਪ੍ਰਾਪਰਟੀਜ਼ ਜਾਂ ਆਸਾਮੀਆਂ ਦਾ ਵੇਰਵਾ ਦੇਣਾ (iii) ਪ੍ਰਾਪਰਟੀਜ਼ ਦੀ ਅਟੈਚਮੈਂਟ ਲਈ ਬਿਨੈ-ਪੱਤਰ ਦੀ ਵਿਚਾਰ ਅਧੀਨ ਸੁਣਵਾਈ ਅਤੇ ਡਿਸਪੋਜ਼ਲ ਦੇ ਚੱਲਦੇ ਮੂਲ ਬਿਨੈ-ਪੱਤਰ ਦੇ ਲੜੀ ਨੰਬਰ 3ਏ ਦੇ ਤਹਿਤ ਡਿਸਕਲੋਜ਼ ਕੀਤੇ ਅਜਿਹੇ ਹੋਰ ਆਸਾਮੀਆਂ ਅਤੇ ਪ੍ਰਾਪਰਟੀਜ਼ ਜਾਂ ਸਕਿਓਰਡ ਆਸਾਮੀਆਂ ਦੀ ਡਿਸਕਲੋਜ਼ਿੰਗ ਜਾਂ ਡੀਲਿੰਗ 'ਤੇ ਤੁਹਾਡੇ ਉੱਤੇ ਪਾਬੰਦੀ ਹੈ। (iv) ਤੁਸੀਂ ਟ੍ਰਿਬਿਊਨਲ ਦੀ ਪਹਿਲਾਂ ਪ੍ਰਵਾਨਗੀ ਲਏ ਬਿਨਾਂ ਮੂਲ ਬਿਨੈ-ਪੱਤਰ ਦੇ ਲੜੀ ਨੰ. 3ਏ ਅਧੀਨ ਨਿਰਦਿਸ਼ਟ ਜਾਂ ਡਿਸਕਲੋਜ਼ ਕੀਤੇ ਹੋਰ ਆਸਾਮੀਆਂ ਅਤੇ ਪ੍ਰਾਪਰਟੀਜ਼ ਜਾਂ/ਅਤੇ ਸਕਿਓਰਡ ਇੰਟਰਸਟ ਵਾਲੇ ਆਸਾਮੀਆਂ ਦੇ ਕਿਸੇ ਵੀ ਸਾਧਾਰਨ ਬਿਜ਼ਨਸ ਤੋਂ ਇਲਾਵਾ ਕਿਸੇ ਹੋਰ ਰੂਪ ਵਿਚ ਇਸ ਦੀ ਵਿਕਰੀ, ਲੀਜ਼ ਰਾਹੀਂ ਟਰਾਂਸਫਰ ਨਹੀਂ ਕਰੋਗੇ। (v) ਤੁਸੀਂ ਸਾਧਾਰਨ ਬਿਜ਼ਨਸ ਵਿਚ ਕਿਸੇ ਵੀ ਸਕਿਓਰਡ ਆਸਾਮੀਆਂ ਜਾਂ ਹੋਰ ਆਸਾਮੀਆਂ ਅਤੇ ਪ੍ਰਾਪਰਟੀਜ਼ ਦੀ ਵਿਕਰੀ ਰਾਹੀਂ ਪ੍ਰਾਪਤ ਵਿਕਰੀ ਕੀਮਤ ਲਈ ਖਾਤਾ ਬਣਾਉਂਦੇ ਹੋਏ ਰਕਮ ਨੂੰ ਅਜਿਹੇ ਆਸਾਮੀਆਂ ਸਬੰਧੀ ਸਕਿਓਰਿਟੀ ਇੰਟਰਸਟ ਵਾਲੇ ਬੈਂਕ ਜਾਂ ਮਾਲੀ ਸੰਸਥਾਵਾਂ ਵਿਚ ਮੇਂਟੇਨ ਕੀਤੇ ਖਾਤੇ ਵਿਚ ਜਮ੍ਹਾਂ ਕਰਵਾਓਗੇ। ਤੁਹਾਨੂੰ ਬਿਨੈਕਾਰ ਨੂੰ ਇਕ ਕਾਪੀ ਭੇਜਣ ਸਹਿਤ ਲਿਖਤ ਸਟੇਟਮੈਂਟ ਫਾਈਲ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ ਅਤੇ ਤੁਸੀਂ 18.05.2026 ਨੂੰ ਸਵੇਰੇ 10.30 ਵਜੇ ਰਜਿਸਟਰਾਰ ਦੇ ਸਾਹਮਣੇ ਹਾਜ਼ਰ ਹੋਵੋ, ਨਹੀਂ ਤਾਂ ਬਿਨੈ-ਪੱਤਰ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗ਼ੈਰ-ਹਾਜ਼ਰੀ ਵਿਚ ਫ਼ੈਸਲਾ ਦੇ ਦਿੱਤਾ ਜਾਵੇਗਾ।
ਅੱਜ ਮਿਤੀ 23.02.2026 ਨੂੰ ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਅਧੀਨ ਜਾਰੀ।

ਸੰਮਨ ਜਾਰੀ ਕਰਨ ਲਈ ਅਧਿਕਾਰਤ ਅਫ਼ਸਰ ਦੇ ਦਸਤਖ਼ਤ- ਡੀਆਰਟੀ-3

ਵੈਟਰਨਰੀ ਕੌਂਸਲ ਆਫ ਇੰਡੀਆ

Veterinary Council of India

ਭਾਰਤ ਸਰਕਾਰ ਦੇ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲੇ ਦੀ ਵਿਧਾਨਕ ਸੰਸਥਾ

(Statutory Body of the Ministry of Fisheries, Animal Husbandry and Dairying, Government of India)

'ਏ' ਵਿੰਗ, ਦੂਜੀ ਮੰਜ਼ਿਲ, ਅਗਸਤ ਕ੍ਰਾਂਤੀ ਭਵਨ, ਭੀਖਾਜੀ ਕਾਮਾ ਪਲੇਸ, ਨਵੀਂ ਦਿੱਲੀ-110066

'A' Wing, 2nd Floor, August Kranti Bhawan, Bhikaji Came Place, New Delhi-110066

[ਫੋਨ/Ph. 011-26184149, ਈਮੇਲ: Email-vciinfo@nic.in]

ਜਨਤਕ ਨੋਟਿਸ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਵੈਟਰਨਰੀ ਕੌਂਸਲ ਆਫ ਇੰਡੀਆ 2026-27 ਦੇ ਅਕਾਦਮਿਕ ਸਾਲ ਦੌਰਾਨ ਬੀ.ਵੀ.ਐਸਸੀ. ਅਤੇ ਏ.ਐਚ. ਡਿਗਰੀ ਕੋਰਸ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਲਈ ਰਾਸ਼ਟਰੀ ਯੋਗਤਾ-ਕਮ-ਪ੍ਰਵੇਸ਼ ਪ੍ਰੀਖਿਆ (ਨੀਟ (ਯੂਜੀ)-2026 ਯੋਗਤਾ ਪ੍ਰਾਪਤ ਮੈਰਿਟ ਸੂਚੀ ਦੀ ਵਰਤੋਂ ਕਰੇਗੀ ਤਾਂ ਜੋ ਮਾਨਤਾ ਪ੍ਰਾਪਤ ਵੈਟਰਨਰੀ ਕਾਲਜਾਂ ਵਿਚ 15% ਆਲ ਇੰਡੀਆ ਕੋਟੇ ਦੇ ਘੱਟ ਸੀਟਾਂ ਭਰੀਆਂ ਜਾ ਸਕਣ। ਬੀ.ਵੀ.ਐਸਸੀ. ਅਤੇ ਏ.ਐਚ. ਡਿਗਰੀ ਕੋਰਸ ਵਿਚ ਦਾਖ਼ਲੇ ਲਈ ਵਿਦਿਆਰਥੀਆਂ ਦੀ ਚੋਣ/ਦਾਖ਼ਲੇ ਲਈ ਹੋਰ ਮਾਪਦੰਡ ਵੈਟਰਨਰੀ ਕੌਂਸਲ ਆਫ ਇੰਡੀਆ- ਵੈਟਰਨਰੀ ਸਿੱਖਿਆ ਦੇ ਘੱਟੋ ਘੱਟ ਮਿਆਰ- ਡਿਗਰੀ ਕੋਰਸ (ਬੀ.ਵੀ.ਐਸਸੀ. ਅਤੇ ਏ.ਐਚ.) ਨਿਯਮਾਂ, 2016 ਦੇ ਅਨੁਸਾਰ ਹੋਣਗੇ।
ਬੀ.ਵੀ.ਐਸਸੀ. ਵਿਚ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀ ਆਲ ਇੰਡੀਆ ਆਧਾਰ 'ਤੇ 15% ਸੀਟਾਂ ਦੇ ਤਹਿਤ ਅਤੇ ਬੀ.ਵੀ.ਐਸਸੀ. ਅਤੇ ਏ.ਐਚ. ਡਿਗਰੀ ਕੋਰਸ ਵਿਚ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਨੂੰ 3 ਮਈ, 2026 (ਐਤਵਾਰ) ਨੂੰ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਦੁਆਰਾ ਕਰਵਾਏ ਜਾਣ ਵਾਲੇ ਨੀਟ (ਯੂਜੀ)-2026 ਵਿਚ ਸ਼ਾਮਲ ਹੋਣਾ ਚਾਹੀਦਾ ਹੈ।
ਇਹ ਨੋਟਿਸ ਜਨਤਕ ਹਿੱਤ ਵਿਚ ਜਾਰੀ ਕੀਤਾ ਜਾਂਦਾ ਹੈ।

ਮਿਤੀ: 27.02.26 CBC01222/11/0003/2526 ਸਕੱਤਰ, ਵੀ.ਸੀ.ਆਈ. (ਵਾਧੂ ਚਾਰਜ)

Form No. 14 [See regulation-33(2)]

ਦਫ਼ਤਰ ਵਸੂਲੀ ਅਫ਼ਸਰ-I/II

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

ਗਰਾਊਂਡ ਫਲੋਰ, ਐਸਸੀਓ 33-34-35, ਸੈਕਟਰ-17-ਏ, ਚੰਡੀਗੜ੍ਹ-160017

ਰਿਕਵਰੀ ਆਫ ਡੈਬਟਸ ਐਂਡ ਬੈਂਕਰਪਟਸੀ ਐਕਟ, 1993 ਦੀ ਧਾਰਾ 25 ਤੋਂ 28 ਅਤੇ ਆਮਦਨ ਕਰ ਐਕਟ, 1961 ਦੇ ਦੂਸਰੇ ਸ਼ੈਡਿਊਲ ਦੇ ਨਿਯਮ-2 ਅਧੀਨ ਨੋਟਿਸ।

ਡਿਮਾਂਡ ਨੋਟਿਸ

RC/881/2025 15.12.2025

ਐਚਡੀਐਫਸੀ ਬੈਂਕ ਲਿਮਟਿਡ ਬਨਾਮ ਗਗਨਦੀਪ ਜੁਨੇਜਾ

ਸੂਚਨਾ ਬਨਾਮ: (ਸੀਡੀ 1) ਸ੍ਰੀ ਗਗਨਦੀਪ ਜੁਨੇਜਾ ਪੁੱਤਰ ਸ੍ਰੀ ਹੰਸ ਰਾਜ, ਨਿਵਾਸੀ ਬੀ-1, 348/1, ਗੁਰੂ ਨਾਨਕ ਪੁਰਾ, ਸਿਵਲ ਲਾਈਨ, ਲੁਧਿਆਣਾ, ਪੰਜਾਬ-141001 ਇਸ ਤੋਂ ਇਲਾਵਾ: ਗਗਨਦੀਪ ਜੁਨੇਜਾ ਪੁੱਤਰ ਹੰਸ ਰਾਜ, ਮੈਸਰਜ਼ ਐਸਐਮਜੀ ਟ੍ਰੇਡਿੰਗ ਦੇ ਮਾਲਕ ਬੀ-ਐਕਸ-111-1903, ਮੇਨ ਜਨਤਾ ਪੁਰੀ ਮਾਰਕੀਟ, ਲੁਧਿਆਣਾ, ਪੰਜਾਬ-141001
ਸਭਾਪਤੀ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3) ਵੱਲੋਂ ਪਾਸ ਕੀਤੇ ਹੁਕਮ ਦੇ ਅਨੁਸਾਰ ਜਾਰੀ ਵਸੂਲੀ ਸਰਟੀਫਿਕੇਟ ਦੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਰੁ. 30,000/- ਦੀ ਲਾਗਤ ਅਤੇ ਪ੍ਰਾਪਤੀ ਤੱਕ 30.01.2021 ਤੋਂ 8% ਸਾਧਾਰਨ ਸਾਲਾਨਾ ਵਿਆਜ ਦਰ 'ਤੇ ਮੁਲਤਵੀ ਅਤੇ ਭਵਿੱਖ ਦੇ ਵਿਆਜ ਸਹਿਤ ਤੁਹਾਡੇ ਵਿਰੁੱਧ OA/472/2021 ਵਿਚ ਰੁ. 27,17,473.57/- (ਸੰਯੁਕਤ ਅਤੇ ਵੱਖਰੇ/ਮੁਕੰਮਲ/ਸੀਮਤ ਰੂਪ ਵਿਚ) ਬਕਾਇਆ ਹੈ।
2. ਇਸ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 15 ਦਿਨਾਂ ਅੰਦਰ ਉਕਤ ਰਕਮ ਦਾ ਭੁਗਤਾਨ ਕਰਨ ਦਾ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ, ਨਹੀਂ ਤਾਂ ਦੀ ਰਿਕਵਰੀ ਆਫ ਡੈਟਸ ਡਿਊ ਟੂ ਬੈਂਕਸ ਐਂਡ ਫਾਈਨਾਂਸ਼ੀਅਲ ਇੰਸਟੀਟਿਊਟ ਐਕਟ, 1993 ਤੇ ਉਸ ਅਧੀਨ ਨਿਯਮਿਤ ਨਿਯਮਾਂ ਦੇ ਅਨੁਰੂਪ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੀ ਪੇਸ਼ੀ ਦੀ ਮਿਤੀ ਤੋਂ ਪਹਿਲਾਂ ਆਪਣੇ ਆਸਾਮੀਆਂ ਦੇ ਵੇਰਵਿਆਂ ਬਾਰੇ ਹਲਫ਼ਨਾਮਾ ਦਰਜ ਕਰਵਾਇਆ ਜਾਵੇ।
4. ਤੁਹਾਡੀ ਤਾਮੀਲ ਸਾਧਾਰਨ ਢੰਗ ਨਾਲ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਰਾਹੀਂ ਤੁਹਾਨੂੰ ਬਕਾਇਦਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੀ ਕਾਰਵਾਈ ਲਈ 11.03.2026 ਨੂੰ ਸਵੇਰੇ 10.30 ਵਜੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਇਆ ਜਾਵੇ।
5. ਉਕਤ ਰਕਮ ਤੋਂ ਇਲਾਵਾ ਤੁਹਾਨੂੰ ਨਿਮਨ ਦਾ ਵੀ ਭੁਗਤਾਨ ਕਰਨਾ ਪਵੇਗਾ:
(ੳ) ਕਾਰਵਾਈ ਸ਼ੁਰੂ ਕਰਨ/ਸਰਟੀਫਿਕੇਟ ਦੇ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਲਈ ਭੁਗਤਾਨਯੋਗ ਵਿਆਜ ਆਦਿ।
(ਅ) ਬਣਦੀ ਰਕਮ ਦੀ ਵਸੂਲੀ ਕਰਨ ਲਈ ਹੋਰ ਪ੍ਰਕਿਰਿਆਵਾਂ ਤੇ ਹੋਰ ਸਾਰੀਆਂ ਕਾਰਵਾਈਆਂ ਅਤੇ ਵਾਰੰਟਾਂ ਅਤੇ ਇਸ ਨੋਟਿਸ ਦੀ ਸਰਵਿਸ ਸਬੰਧੀ ਹੋਣ ਵਾਲੇ ਸਾਰੇ ਖ਼ਰਚਿਆਂ, ਲਾਗਤਾਂ ਤੇ ਚਾਰਜਿਜ਼ ਦਾ ਭੁਗਤਾਨ।
ਅੱਜ ਮਿਤੀ 15.12.2025 ਨੂੰ ਮੇਰੇ ਦਸਤਖ਼ਤ ਤੇ ਟ੍ਰਿਬਿਊਨਲ ਦੀ ਮੋਹਰ ਅਧੀਨ ਜਾਰੀ ਕੀਤਾ।

ਵਸੂਲੀ ਅਫ਼ਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

Form No. 14 [See Regulation-33(2)]

ਦਫ਼ਤਰ ਵਸੂਲੀ ਅਫ਼ਸਰ-I/II

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)

ਸੈਕੰਡ ਫਲੋਰ, ਐਸਸੀਓ 33-34-35, ਸੈਕਟਰ-17-ਏ, ਚੰਡੀਗੜ੍ਹ-160017

ਡਿਮਾਂਡ ਨੋਟਿਸ

ਰਿਕਵਰੀ ਆਫ ਡੈਬਟਸ ਐਂਡ ਬੈਂਕਰਪਟਸੀ ਐਕਟ, 1993 ਦੀ ਧਾਰਾ 25 ਤੋਂ 28 ਅਤੇ ਆਮਦਨ ਕਰ ਐਕਟ, 1961 ਦੇ ਦੂਸਰੇ ਸ਼ੈਡਿਊਲ ਦੇ ਨਿਯਮ-2 ਅਧੀਨ ਨੋਟਿਸ।

RC/29/2023 15.12.2025

ਐਚਡੀਐਫਸੀ ਬੈਂਕ ਲਿਮਟਿਡ ਬਨਾਮ ਐਮ ਐਮ ਕੰਸਟ੍ਰਕਸ਼ਨ ਕੰਪਨੀ

ਸੂਚਨਾ ਬਨਾਮ:
(ਸੀਡੀ 1) ਐਮ ਐਮ ਕੰਸਟ੍ਰਕਸ਼ਨ ਕੰਪਨੀ, ਜੇਲ੍ਹ ਰੋਡ, ਗੁਰੂ ਨਾਨਕ ਬਾਗ਼ ਦੇ ਸਾਹਮਣੇ, ਗੁਰਦਾਸਪੁਰ, ਪੰਜਾਬ 143514
(ਸੀਡੀ 2) ਮਹੀਪ ਤ੍ਰੇਹਨ ਐਮ ਐਮ ਕੰਸਟ੍ਰਕਸ਼ਨ ਕੰਪਨੀ ਦੇ ਪਾਰਟਨਰ, ਐਚ ਨੰ. 39/16, ਡਾਕਖ਼ਾਨਾ ਨੰਬਰ 16, ਹੁੰਦਲ ਬਾਗ਼, ਗੁਰਦਾਸਪੁਰ, ਪੰਜਾਬ
(ਸੀਡੀ 3) ਰਜਿੰਦਰ ਤ੍ਰੇਹਨ ਪੁੱਤਰ ਬਨਾਰਸੀ ਦਾਸ, ਐਮ ਐਮ ਕੰਸਟ੍ਰਕਸ਼ਨ ਕੰਪਨੀ ਦੇ ਪਾਰਟਨਰ, ਐਚ ਨੰ. 39/16, ਡਾਕਖ਼ਾਨਾ ਨੰਬਰ 16, ਹੁੰਦਲ ਬਾਗ਼ ਕਲੋਨੀ, ਗੁਰਦਾਸਪੁਰ, ਪੰਜਾਬ।
ਸਭਾਪਤੀ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1) ਵੱਲੋਂ ਪਾਸ ਕੀਤੇ ਹੁਕਮ ਦੇ ਅਨੁਸਾਰ ਜਾਰੀ ਵਸੂਲੀ ਸਰਟੀਫਿਕੇਟ ਦੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਰੁ. 41,000/- ਦੀ ਲਾਗਤ ਅਤੇ ਪ੍ਰਾਪਤੀ ਤੱਕ 31.08.2016 ਤੋਂ 10.25% ਵਿਆਜ ਦਰ 'ਤੇ ਮੁਲਤਵੀ ਅਤੇ ਭਵਿੱਖ ਦੇ ਵਿਆਜ ਸਹਿਤ ਤੁਹਾਡੇ ਵਿਰੁੱਧ OA/701/2017 ਵਿਚ ਰੁ. 2946550.59/- (ਸੰਯੁਕਤ ਅਤੇ ਵੱਖਰੇ/ਮੁਕੰਮਲ/ਸੀਮਤ ਰੂਪ ਵਿਚ) ਬਕਾਇਆ ਹੈ।
2. ਇਸ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 15 ਦਿਨਾਂ ਅੰਦਰ ਉਕਤ ਰਕਮ ਦਾ ਭੁਗਤਾਨ ਕਰਨ ਦਾ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ, ਨਹੀਂ ਤਾਂ ਦੀ ਰਿਕਵਰੀ ਆਫ ਡੈਟਸ ਡਿਊ ਟੂ ਬੈਂਕਸ ਐਂਡ ਫਾਈਨਾਂਸ਼ੀਅਲ ਇੰਸਟੀਟਿਊਟ ਐਕਟ, 1993 ਤੇ ਉਸ ਅਧੀਨ ਨਿਯਮਿਤ ਨਿਯਮਾਂ ਦੇ ਅਨੁਰੂਪ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੀ ਪੇਸ਼ੀ ਦੀ ਮਿਤੀ ਤੋਂ ਪਹਿਲਾਂ ਆਪਣੇ ਆਸਾਮੀਆਂ ਦੇ ਵੇਰਵਿਆਂ ਬਾਰੇ ਹਲਫ਼ਨਾਮਾ ਦਰਜ ਕਰਵਾਇਆ ਜਾਵੇ।
4. ਇਸ ਪ੍ਰਕਾਸ਼ਨ ਰਾਹੀਂ ਤੁਹਾਨੂੰ ਬਕਾਇਦਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੀ ਕਾਰਵਾਈ ਲਈ 21.07.2026 ਨੂੰ ਸਵੇਰੇ 10.30 ਵਜੇ ਨਿਮਨਹਸਤਾਖ਼ਰੀ ਸਾਹਮਣੇ ਪੇਸ਼ ਹੋਇਆ ਜਾਵੇ।
5. ਉਕਤ ਰਕਮ ਤੋਂ ਇਲਾਵਾ ਤੁਹਾਨੂੰ ਨਿਮਨ ਦਾ ਵੀ ਭੁਗਤਾਨ ਕਰਨਾ ਪਵੇਗਾ:
(ੳ) ਕਾਰਵਾਈ ਸ਼ੁਰੂ ਕਰਨ/ਸਰਟੀਫਿਕੇਟ ਦੇ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਲਈ ਭੁਗਤਾਨਯੋਗ ਵਿਆਜ ਆਦਿ।
(ਅ) ਬਣਦੀ ਰਕਮ ਦੀ ਵਸੂਲੀ ਕਰਨ ਲਈ ਹੋਰ ਪ੍ਰਕਿਰਿਆਵਾਂ ਤੇ ਹੋਰ ਸਾਰੀਆਂ ਕਾਰਵਾਈਆਂ ਅਤੇ ਵਾਰੰਟਾਂ ਅਤੇ ਇਸ ਨੋਟਿਸ ਦੀ ਸਰਵਿਸ ਸਬੰਧੀ ਹੋਣ ਵਾਲੇ ਸਾਰੇ ਖ਼ਰਚਿਆਂ, ਲਾਗਤਾਂ ਤੇ ਚਾਰਜਿਜ਼ ਦਾ ਭੁਗਤਾਨ।
ਅੱਜ ਮਿਤੀ 15.12.2025 ਨੂੰ ਮੇਰੇ ਦਸਤਖ਼ਤ ਤੇ ਟ੍ਰਿਬਿਊਨਲ ਦੀ ਮੋਹਰ ਅਧੀਨ ਜਾਰੀ ਕੀਤਾ।

ਵਸੂਲੀ ਅਫ਼ਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)

ਇਨਸਾਲਵੈਂਸੀ ਅਤੇ ਦੀਵਾਲੀਆਪਨ ਕੋਡ, 2016 ਦੇ ਤਹਿਤ ਵਿਕਰੀ ਨੋਟਿਸ

ਵੀਨਸ ਗਾਰਮੈਂਟਸ (ਇੰਡੀਆ) ਲਿਮਟਿਡ ਲਿਕਵੀਡੇਸ਼ਨ ਵਿਚ

ਲਿਕਵੀਡੇਟਰ ਦਾ ਦਫ਼ਤਰ: 5203, ਡੀਐਲਐਫ ਸਿਟੀ ਫੇਜ਼-4, ਗੁੜਗਾਓਂ, ਹਰਿਆਣਾ-122002

ਈ-ਨਿਲਾਮੀ ਦੀ ਮਿਤੀ ਅਤੇ ਸਮਾਂ: ਵੀਰਵਾਰ, 26 ਮਾਰਚ, 2026

ਸਵੇਰੇ 11 ਵਜੇ ਤੋਂ ਦੁਪਹਿਰ 3.00 ਵਜੇ ਤੱਕ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਣਯੋਗ NCLT, ਚੰਡੀਗੜ੍ਹ ਦੁਆਰਾ ਮਿਤੀ 22.07.2025 ਨੂੰ **"ਜਿਵੇਂ ਹੈ ਜਿੱਥੇ ਹੈ, ਆਧਾਰ 'ਤੇ", "ਜਿਵੇਂ ਹੈ ਜੋ ਹੈ, ਆਧਾਰ 'ਤੇ", "ਜੋ ਵੀ ਹੈ, ਆਧਾਰ 'ਤੇ" ਅਤੇ "ਕੋਈ ਸਹਾਰਾ ਨਹੀਂ"** 'ਤੇ ਨਿਯੁਕਤ ਲਿਕਵੀਡੇਟਰ ਦੁਆਰਾ ਪਿੰਡ ਹੁਸੈਨਪੁਰਾ, ਹੋਟਲ ਅਮਲਤਾਸ ਦੇ ਸਾਹਮਣੇ, ਜੀ.ਟੀ. ਰੋਡ (ਪੱਛਮੀ), ਲੁਧਿਆਣਾ, ਪੰਜਾਬ-141008 ਵਿਖੇ ਰਜਿਸਟਰਡ ਦਫ਼ਤਰ ਵਾਲੇ **ਮੈਸਰਜ਼ ਵੀਨਸ ਗਾਰਮੈਂਟਸ (ਇੰਡੀਆ) ਲਿਮਟਿਡ** ਲਿਕਵੀਡੇਸ਼ਨ ਵਿਚ, ਦੀ ਵਿਕਰੀ ਲਈ ਬੋਲੀਆਂ ਸੱਦੀਆਂ ਜਾਂਦੀਆਂ ਹਨ।

ਲੜੀ ਨੰ. ਵਿਕਲਪ ਨੰ.	ਕਾਰੋਬਾਰ/ਸੰਪਤੀ ਦੀ ਪ੍ਰਕਿਰਤੀ ਅਤੇ ਵਰਣਨ	ਰਿਜ਼ਰਵ ਕੀਮਤ (INR)	ਅਰਨੈਸਟ ਮਨੀ ਡਿਪਾਜ਼ਿਟ (INR)	ਵਧੀ ਹੋਈ ਬੋਲੀ ਰਕਮ (INR)
ਏ	ਕਾਰਪੋਰੇਟ ਕਰਜ਼ਦਾਰ ਦੀਆਂ ਜਾਇਦਾਦਾਂ ਦੀ ਸਟੈਂਡਅਲੋਨ ਆਧਾਰ/ਪਾਰਸਲ/ਲਾਟਾਂ ਵਿਚ ਵਿਕਰੀ, ਨਿਲਾਮੀ ਦੀ ਮਿਤੀ ਅਤੇ ਸਮਾਂ: ਵੀਰਵਾਰ, 26 ਮਾਰਚ 2026, ਸਵੇਰੇ 11.00 ਵਜੇ ਤੋਂ ਦੁਪਹਿਰ 03.00 ਵਜੇ ਤੱਕ			
ਲਾਟ ਏ-1	ਜ਼ਮੀਨ ਅਤੇ ਇਮਾਰਤ, ਪਿੰਡ ਹੁਸੈਨਪੁਰਾ, ਹੋਟਲ ਅਮਲਤਾਸ ਦੇ ਨੇੜੇ, ਜੀ.ਟੀ. ਰੋਡ, ਲੁਧਿਆਣਾ, ਪੰਜਾਬ ਮਾਪ 3630 ਵਰਗ ਗਜ਼ (0.75 ਏਕੜ)	10,36,00,000	55,00,000	2,50,000
ਲਾਟ ਏ-2	ਜ਼ਮੀਨ ਅਤੇ ਇਮਾਰਤ, ਖਸਰਾ ਨੰ. 12/5-6, ਖਾਤਾ ਨੰ. 2354/2606, 2355/2607, ਪਿੰਡ ਕਾਕੋਵਾਲ, ਲੁਧਿਆਣਾ, ਪੰਜਾਬ, ਮਾਪ 1300.25 ਵਰਗ ਮੀਟਰ	4,70,00,000	25,00,000	1,50,000
ਲਾਟ ਏ-3	ਜ਼ਮੀਨ ਅਤੇ ਇਮਾਰਤ, B-XXXII- 86/1540, ਪਿੰਡ ਕਾਕੋਵਾਲ ਰੋਡ, ਲੁਧਿਆਣਾ, ਪੰਜਾਬ ਵਿਖੇ ਸਥਿਤ ਮਾਪ 4840 ਵਰਗ ਗਜ਼	13,20,00,000	70,00,000	2,50,000
ਲਾਟ ਏ-4	ਜ਼ਮੀਨ ਅਤੇ ਇਮਾਰਤ, ਪਲਾਟ ਨੰਬਰ ਏ-9, ਪਾਰਟ-ਏ, ਪੰਜਾਬ ਐਪਰਲ ਪਾਰਕ, ਪਿੰਡ ਸ਼ਮਾਲੀਪੁਰ, ਜੀ.ਟੀ. ਰੋਡ, ਤਹਿਸੀਲ ਪਾਇਲ, ਲੁਧਿਆਣਾ, ਪੰਜਾਬ ਮਾਪ 9039.48 ਵਰਗ ਗਜ਼	3,25,00,000	17,00,000	1,50,000
ਲਾਟ ਏ-5	ਮੈਸਰਜ਼ ਗਲੋਬ ਗਾਰਮੈਂਟਸ (ਇੰਡੀਆ) ਲਿਮਟਿਡ ਵਿਚ 10 ਰੁਪਏ ਹਰੇਕ ਦੇ ਫੇਸ ਵੈਲਯੂ ਵਾਲੇ 1,84,000 ਇਕੁਇਟੀ ਸ਼ੇਅਰਾਂ ਸਮੇਤ ਪ੍ਰਤੀਭੂਤੀਆਂ ਅਤੇ ਵਿੱਤੀ ਸੰਪਤੀਆਂ (ਪ੍ਰੂੰ ਬੌਕ ਸ਼ੇਲੱਸ ਨੂੰ ਛੱਡ ਕੇ)	6,00,000	35,000	5,000

ਯੋਗਤਾ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ	23 ਮਾਰਚ, 2026 ਈ-ਨਿਲਾਮੀ ਪ੍ਰਕਿਰਿਆ ਦਸਤਾਵੇਜ਼ ਵਿਚ ਦੱਸੇ ਗਏ ਤਰੀਕੇ ਨਾਲ
ਕਾਰਪੋਰੇਟ ਕਰਜ਼ਦਾਰ ਦੀਆਂ ਜਾਇਦਾਦਾਂ ਦਾ ਨਿਰੀਖਣ	1 ਮਾਰਚ, 2026 ਤੋਂ 23 ਮਾਰਚ, 2026
ਅਰਨੈਸਟ ਮਨੀ ਡਿਪਾਜ਼ਿਟ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ	23 ਮਾਰਚ, 2026
ਯੋਗ ਬੋਲੀਕਾਰਾਂ ਲਈ ਈ-ਨਿਲਾਮੀ ਦੀ ਮਿਤੀ ਅਤੇ ਸਮਾਂ	26 ਮਾਰਚ, 2026, ਸਵੇਰੇ 11.00 ਵਜੇ ਤੋਂ ਦੁਪਹਿਰ 3.00 ਵਜੇ ਤੱਕ

ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ:

1. ਈ-ਨਿਲਾਮੀ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", "ਜਿਵੇਂ ਹੈ ਉਥੇ ਹੈ" 'ਤੇ ਈ-ਨਿਲਾਮੀ ਪਲੇਟਫਾਰਮ https://baanknet.com ਰਾਹੀਂ ਕੀਤੀ ਜਾਵੇਗੀ, ਜਿਸ ਵਿਚ ਹਰੇਕ ਲਈ 5 ਮਿੰਟ ਦੀ ਅਸੀਮਿਤ ਮਿਆਦ ਹੋਵੇਗੀ।
2. ਸੰਭਾਵੀ ਬੋਲੀਕਾਰਾਂ ਨੂੰ ਬੈਂਕਨੈੱਟ ਨਿਲਾਮੀ ਪਲੇਟਫਾਰਮ (https://baanknet.com, https://ibbi.baanknet.com/eauction-ibbi/home) 'ਤੇ ਰਜਿਸਟਰ ਕਰਨ ਦੀ ਲੋੜ ਹੈ ਅਤੇ ਇਲੈਕਟ੍ਰਾਨਿਕ ਨਿਲਾਮੀ ਪਲੇਟਫਾਰਮ ਰਾਹੀਂ ਦੀਵਾਲੀਆਪਨ ਅਤੇ ਦੀਵਾਲੀਆਪਨ ਕੋਡ ਦੀ ਧਾਰਾ 29A ਦੇ ਤਹਿਤ ਯੋਗਤਾ ਦੀ ਘੋਸ਼ਣਾ ਸਮੇਤ ਲੋੜੀਂਦੇ ਦਸਤਾਵੇਜ਼ਾਂ ਨੂੰ ਧਿਆਨ ਨਾਲ ਜਮ੍ਹਾਂ ਕਰਨਾ ਚਾਹੀਦਾ ਹੈ।
3. ਕਿਰਪਾ ਕਰਕੇ ਧਿਆਨ ਦਿਓ ਕਿ ਸੰਭਾਵੀ ਬੋਲੀਕਾਰ ਇਕ ਹਲਫ਼ਨਾਮਾ ਜਮ੍ਹਾਂ ਕਰਾਉਣਗੇ ਕਿ ਉਹ ਲਾਗੂ ਹੱਦ ਤੱਕ ਕੋਡ ਦੀ ਧਾਰਾ 29A ਦੇ ਤਹਿਤ ਕਿਸੇ ਵੀ ਅਯੋਗਤਾ ਤੋਂ ਪੀੜਤ ਨਹੀਂ ਹਨ ਅਤੇ ਜੇਕਰ ਕਿਸੇ ਵੀ ਪੜਾਅ 'ਤੇ ਅਯੋਗ ਪਾਏ ਜਾਂਦੇ ਹਨ ਤਾਂ ਜਮ੍ਹਾਂ ਕੀਤੀ ਗਈ ਬਿਆਨਾ ਰਕਮ ਜ਼ਬਤ ਕਰ ਲਈ ਜਾਵੇਗੀ।
4. ਸੰਭਾਵੀ ਬੋਲੀਕਾਰ ਬੈਂਕਨੈੱਟ ਨਿਲਾਮੀ ਪਲੇਟਫਾਰਮ ਰਾਹੀਂ ਅਰਨੈਸਟ ਮਨੀ ਡਿਪਾਜ਼ਿਟ (EMD) ਜਮ੍ਹਾਂ ਕਰਵਾਉਣਗੇ। ਇਹ ਵੀ ਨਿਰਧਾਰਤ ਕੀਤਾ ਗਿਆ ਹੈ ਕਿ ਜੇਕਰ ਬੋਲੀਕਾਰ ਕਿਸੇ ਵੀ ਮਾਪਦੰਡ ਅਧੀਨ ਅਯੋਗ ਪਾਇਆ ਜਾਂਦਾ ਹੈ ਤਾਂ 28 ਮਾਰਚ, 2025 ਦੇ ਸਰਕੂਲਰ ਨੰਬਰ IBBI/LIQ/84/2025 ਦੇ ਅਨੁਸਾਰ IBBI ਦੇ ਅਨੁਸਾਰ EMD ਜ਼ਬਤ ਕਰ ਲਿਆ ਜਾਵੇਗਾ।
5. ਕਿਰਪਾ ਕਰਕੇ ਧਿਆਨ ਦਿਓ ਕਿ EMD ਦਾ ਭੁਗਤਾਨ BAANKNET ਪੋਰਟਲ ਰਾਹੀਂ eWallet ਵਿਚ ਫੰਡ ਜੋੜ ਕੇ ਅਤੇ ਸਬੰਧਤ ਨਿਲਾਮੀ ਲਈ "ਬਾਗ਼ ਲਓ" 'ਤੇ ਕਲਿੱਕ ਕਰਕੇ ਕੀਤਾ ਜਾਣਾ ਚਾਹੀਦਾ ਹੈ। ਯੋਗ ਬੋਲੀਕਾਰਾਂ ਦੇ ਨਾਮ ਦੀ ਪਛਾਣ ਲਿਕਵੀਡੇਟਰ ਦੁਆਰਾ ਪੋਰਟਲ www.baanknet.com 'ਤੇ ਆਨਲਾਈਨ ਈ-ਨਿਲਾਮੀ ਵਿਚ ਹਿੱਸਾ ਲੈਣ ਲਈ ਕੀਤੀ ਜਾਵੇਗੀ ਅਤੇ ਸੂਚਿਤ ਕੀਤਾ ਜਾਵੇਗਾ। ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਨਿਲਾਮੀ ਪੋਰਟਲ ਵਿਚ ਆਪਣਾ ਯੂਜ਼ਰ ਆਈਡੀ ਅਤੇ ਪਾਸਵਰਡ ਬਣਾਉਣਾ ਚਾਹੀਦਾ ਹੈ ਅਤੇ ਪੋਰਟਲ ਦੇ ਈ-ਵਾਲਿਟ ਵਿਚ ਆਪਣੀ EMD ਰਕਮ ਜਮ੍ਹਾਂ ਕਰਨੀ ਚਾਹੀਦੀ ਹੈ। ਈ-ਨਿਲਾਮੀ ਪੋਰਟਲ ਸਬੰਧੀ ਕਿਸੇ ਵੀ ਪੁੱਛਗਿੱਛ ਲਈ BAANKNET (ਬੈਂਕ ਸੰਪਤੀ ਨਿਲਾਮੀ ਨੈੱਟਵਰਕ), ਈਮੇਲ ID-support.baanknet@psballiance.com, ਮੋਬਾਈਲ ਨੰਬਰ +918291220220 'ਤੇ ਸੰਪਰਕ ਕਰਨਾ ਚਾਹੀਦਾ ਹੈ।
6. ਨਿਲਾਮੀ ਪ੍ਰਕਿਰਿਆ ਦੇ ਸਾਰੇ ਦਸਤਾਵੇਜ਼ ਬੈਂਕਨੈੱਟ ਪੋਰਟਲ 'ਤੇ ਅਪਲੋਡ ਕੀਤੇ ਜਾਂਦੇ ਹਨ ਅਤੇ ਭਾਗੀਦਾਰਾਂ ਨੂੰ ਉਨ੍ਹਾਂ ਨੂੰ ਡਾਊਨਲੋਡ ਕਰਨਾ ਚਾਹੀਦਾ ਹੈ ਅਤੇ ਪੋਰਟਲ 'ਤੇ ਸਾਰੇ ਦਸਤਾਵੇਜ਼ ਜਮ੍ਹਾਂ ਕਰਾਉਣੇ ਚਾਹੀਦੇ ਹਨ।
7. ਬੋਲੀਕਾਰਾਂ ਨੂੰ ਆਪਣੀ ਬੋਲੀ ਜਮ੍ਹਾਂ ਕਰਨ ਤੋਂ ਪਹਿਲਾਂ ਕੰਪਨੀ, ਸੰਪਤੀਆਂ, ਇਰਫਾਕੀਆ ਲਾਗਤਾਂ, ਜੇਕਰ ਕੋਈ ਹਨ, ਬਾਰੇ ਆਪਣੀ ਸੁਤੰਤਰ ਪੁੱਛਗਿੱਛ ਆਪਣੇ ਖ਼ਰਚੇ 'ਤੇ ਕਰਨੀ ਚਾਹੀਦੀ ਹੈ ਅਤੇ ਆਪਣੇ ਆਪ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ।
8. ਸਫਲ ਬੋਲੀਕਾਰ ਇਸ ਈ-ਨਿਲਾਮੀ ਅਧੀਨ ਵਿਕਰੀ ਯੂਨਿਟ ਨਾਲ ਸਬੰਧਤ ਲਾਗੂ ਸਟੈਂਪ ਡਿਊਟੀਆਂ, ਕਾਨੂੰਨੀ ਲਾਗਤ, ਟਰਾਂਸਫਰ ਚਾਰਜ ਅਤੇ ਫੀਸਾਂ, ਜੀ.ਐਸ.ਟੀ. ਅਤੇ ਹੋਰ ਟੈਕਸਾਂ ਅਤੇ ਦਸਤਾਵੇਜ਼ਾਂ ਨੂੰ ਪੂਰਾ ਕਰਨ ਲਈ ਜ਼ਿੰਮੇਵਾਰ ਹੋਵੇਗਾ। ਸਫਲ ਬੋਲੀਕਾਰ ਨਿਲਾਮੀ 'ਤੇ ਰੱਖੀ ਗਈ ਜਾਇਦਾਦ/ਸੰਪਤੀ ਦੇ ਸਬੰਧ ਵਿਚ ਲਾਗੂ ਸਟੈਂਪ ਡਿਊਟੀਆਂ/ਟਰਾਂਸਫਰ ਚਾਰਜ, ਫੀਸਾਂ ਆਦਿ ਅਤੇ ਸਾਰੇ ਕਾਨੂੰਨੀ/ਗੈਰ-ਕਾਨੂੰਨੀ ਬਕਾਏ, ਟੈਕਸ, ਦਰਾਂ, ਮੁਲਾਂਕਣ ਖ਼ਰਚੇ, ਫੀਸ ਆਦਿ ਦਾ ਭੁਗਤਾਨ ਕਰੇਗਾ। ਜਾਇਦਾਦ/ਸੰਪਤੀ 'ਤੇ ਭੁਗਤਾਨਯੋਗ ਅਤੇ ਬਕਾਇਆ ਕੋਈ ਵੀ ਕਾਨੂੰਨੀ ਅਤੇ ਹੋਰ ਬਕਾਇਆ ਖ਼ਰੀਦਦਾਰ ਦੁਆਰਾ ਲਾਗੂ ਕਾਨੂੰਨ ਦੇ ਉਪਬੰਧਾਂ ਅਨੁਸਾਰ ਸਹਿਣ ਕੀਤਾ ਜਾਵੇਗਾ।
9. IBBI (ਲਿਕਵੀਡੇਸ਼ਨ ਪ੍ਰਕਿਰਿਆ), ਨਿਯਮ 2019 ਦੀ ਅਨੁਸੂਚੀ-1 ਦੇ ਪੈਰਾ 12 ਦੇ ਅਨੁਸਾਰ, ਨਿਲਾਮੀ ਦੇ ਅੰਤ 'ਤੇ, ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਅਜਿਹੀ ਮੰਗ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ ਬਕਾਇਆ ਵਿਕਰੀ ਵਿਚਾਰ ਪ੍ਰਦਾਨ ਕਰਨ ਲਈ ਸੱਦਾ ਦਿੱਤਾ ਜਾਵੇਗਾ। ਬਸ਼ਰਤੇ ਕਿ ਤੀਹ ਦਿਨਾਂ ਤੋਂ ਬਾਅਦ ਕੀਤੇ ਗਏ ਭੁਗਤਾਨਾਂ 'ਤੇ 12% ਦੀ ਦਰ ਨਾਲ ਵਿਆਜ ਲੱਗੇਗਾ। ਬਸ਼ਰਤੇ ਕਿ ਜੇਕਰ ਭੁਗਤਾਨ 90 ਦਿਨਾਂ ਦੇ ਅੰਦਰ ਪ੍ਰਾਪਤ ਨਹੀਂ ਹੁੰਦਾ ਹੈ ਤਾਂ ਵਿਕਰੀ ਰੱਦ ਕਰ ਦਿੱਤੀ ਜਾਵੇਗੀ। IBBI (ਲਿਕਵੀਡੇਸ਼ਨ ਪ੍ਰਕਿਰਿਆ), ਨਿਯਮਾਂ ਦੀ ਅਨੁਸੂਚੀ-1 ਦੇ ਅਨੁਸਾਰ, ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਘੋਸ਼ਿਤ ਕਰਨ ਦੇ ਤਿੰਨ ਦਿਨਾਂ ਦੇ ਅੰਦਰ, ਲਿਕਵੀਡੇਟਰ ਉਚਿਤ ਖੋਜ ਕਰੇਗਾ ਅਤੇ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਦੀ ਯੋਗਤਾ ਦੀ ਪੁਸ਼ਟੀ ਕਰੇਗਾ। ਲਿਕਵੀਡੇਟਰ ਨਿਲਾਮੀ ਦੇ ਨਤੀਜੇ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਦੇ ਵੇਰਵੇ ਅਤੇ ਉਸ 'ਤੇ ਕੀਤੀ ਗਈ ਉਚਿਤ ਖੋਜ ਨਿਯਮ 31A ਦੇ ਅਧੀਨ ਸਲਾਹ-ਮਸ਼ਵਰਾ ਕਮੇਟੀ ਨੂੰ ਪੇਸ਼ ਕਰੇਗਾ। ਲਿਕਵੀਡੇਟਰ ਨਿਯਮ 31A ਦੇ ਅਧੀਨ ਸਲਾਹ-ਮਸ਼ਵਰਾ ਕਮੇਟੀ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ, ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਸਫਲ ਬੋਲੀਕਾਰ ਘੋਸ਼ਿਤ ਕਰੇਗਾ ਜਾਂ ਅਜਿਹੀ ਬੋਲੀ ਨੂੰ ਰੱਦ ਕਰੇਗਾ। ਜੇਕਰ ਕੋਈ ਬੋਲੀਕਾਰ ਅਯੋਗ ਪਾਇਆ ਜਾਂਦਾ ਹੈ ਤਾਂ ਉਸ ਦੁਆਰਾ ਜਮ੍ਹਾਂ ਕੀਤੀ ਗਈ ਬਿਆਨਾ ਰਕਮ ਜ਼ਬਤ ਕਰ ਲਈ ਜਾਵੇਗੀ। ਜੇਕਰ ਸਭ ਤੋਂ ਵੱਧ ਬੋਲੀ ਲਗਾਉਣ ਵਾਲਾ ਅਯੋਗ ਪਾਇਆ ਜਾਂਦਾ ਹੈ ਤਾਂ ਲਿਕਵੀਡੇਟਰ, ਸਲਾਹ-ਮਸ਼ਵਰਾ ਕਮੇਟੀ ਨਾਲ ਸਲਾਹ-ਮਸ਼ਵਰਾ ਕਰਕੇ, IBBI (ਲਿਕਵੀਡੇਸ਼ਨ ਪ੍ਰਕਿਰਿਆ), ਨਿਯਮਾਂ ਦੇ ਅਨੁਸੂਚੀ-1 ਦੇ ਕਲਾਜ਼ (12A) ਤੋਂ ਕਲਾਜ਼ (12K) ਦੇ ਅਧੀਨ ਪ੍ਰਦਾਨ ਕੀਤੀ ਗਈ ਪ੍ਰਕਿਰਿਆ ਦੀ ਪਾਲਣਾ ਕਰਨ ਤੋਂ ਬਾਅਦ ਅਗਲੇ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਸਫਲ ਬੋਲੀਕਾਰ ਵਜੋਂ ਘੋਸ਼ਿਤ ਕਰ ਸਕਦਾ ਹੈ। ਪੂਰੀ ਰਕਮ ਦੀ ਅਦਾਇਗੀ 'ਤੇ, ਵਿਕਰੀ ਪੂਰੀ ਹੋ ਜਾਵੇਗੀ, ਲਿਕਵੀਡੇਟਰ ਅਜਿਹੀਆਂ ਸੰਪਤੀਆਂ ਨੂੰ ਟਰਾਂਸਫਰ ਕਰਨ ਲਈ ਵਿਕਰੀ ਦਾ ਸਰਟੀਫਿਕੇਟ ਜਾਂ ਵਿਕਰੀ ਡੀਡ ਲਾਗੂ ਕਰੇਗਾ ਅਤੇ ਸੰਪਤੀਆਂ ਨੂੰ ਵਿਕਰੀ ਦੀਆਂ ਸ਼ਰਤਾਂ ਵਿਚ ਦਰਸਾਏ ਤਰੀਕੇ ਨਾਲ ਉਸ ਨੂੰ ਸੌਂਪਿਆ ਜਾਵੇਗਾ।
10. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਸੱਦਾ ਸੰਭਾਵੀ ਬੋਲੀਕਾਰਾਂ ਨੂੰ ਸੱਦਾ ਦੇਣ ਦਾ ਇਰਾਦਾ ਰੱਖਦਾ ਹੈ ਅਤੇ ਵਿਕਰੀ ਨੂੰ ਲਾਗੂ ਕਰਨ ਲਈ ਲਿਕਵੀਡੇਟਰ ਜਾਂ ਕੰਪਨੀ ਵੱਲੋਂ ਕਿਸੇ ਵੀ ਕਿਸਮ ਦੀ ਬਾਈਡਿੰਗ ਜ਼ਿੰਮੇਵਾਰੀ ਨਹੀਂ ਬਣਾਉਂਦਾ। ਲਿਕਵੀਡੇਟਰ ਈ-ਨਿਲਾਮੀ ਪ੍ਰਕਿਰਿਆ ਨੂੰ ਰੱਦ ਕਰਨ ਜਾਂ ਸੋਧਣ ਅਤੇ/ਜਾਂ ਕਿਸੇ ਵੀ ਦਿਲਚਸਪੀ ਰੱਖਣ ਵਾਲੀ ਧਿਰ/ਸੰਭਾਵੀ ਨਿਵੇਸ਼ਕ/ਬੋਲੀਕਾਰ ਨੂੰ ਬਿਨਾਂ ਕੋਈ ਕਾਰਨ ਦੱਸੇ ਅਤੇ ਬਿਨਾਂ ਕਿਸੇ ਜ਼ਿੰਮੇਵਾਰੀ ਦੇ ਸਵੀਕਾਰ ਕਰਨ ਅਤੇ ਜਾਂ ਅਯੋਗ ਠਹਿਰਾਉਣ ਦਾ ਅਧਿਕਾਰ ਰੱਖਦਾ ਹੈ।
11. ਉਪਰੋਕਤ ਸੰਪਤੀਆਂ ਸਬੰਧੀ ਦਸਤਾਵੇਜ਼ਾਂ ਦੀ ਜਾਂਚ ਸੰਭਾਵੀ ਬੋਲੀਕਾਰਾਂ ਦੁਆਰਾ ਈ-ਨਿਲਾਮੀ ਪ੍ਰਕਿਰਿਆ ਦਸਤਾਵੇਜ਼ ਦੀਆਂ ਸ਼ਰਤਾਂ ਦੇ ਅਨੁਸਾਰ ਪਹਿਲਾਂ ਤੋਂ ਸਮਾਂ ਲੈ ਕੇ ਸ੍ਰੀ ਪ੍ਰਮੋਦ ਕੁਮਾਰ ਮਿਸ਼ਰਾ ਨਾਲ +919810702519 'ਤੇ ਸੰਪਰਕ ਕਰਕੇ ਕੀਤੀ ਜਾ ਸਕਦੀ ਹੈ।
12. ਨਿਲਾਮੀ ਦੇ ਵੇਰਵਿਆਂ/ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਪੂਰਾ ਈ-ਨਿਲਾਮੀ ਪ੍ਰਕਿਰਿਆ ਦਸਤਾਵੇਜ਼/ਈ-ਨਿਲਾਮੀ ਪ੍ਰਕਿਰਿਆ ਮੈਮੋਰੰਡਮ ਦੇਖੋ।
13. ਵਿਕਰੀ ਇਨਸੋਲਵੈਂਸੀ ਅਤੇ ਦੀਵਾਲੀਆਪਨ ਕੋਡ, 2016 ਅਤੇ ਨਿਯਮਾਂ ਦੇ ਉਪਬੰਧਾਂ ਦੇ ਅਧੀਨ ਹੋਵੇਗੀ।

ਮਿਤੀ: 01.03.2026 ਸਹੀ/- ਪ੍ਰਮੋਦ ਕੁਮਾਰ ਮਿਸ਼ਰਾ

ਸਥਾਨ: ਗੁੜਗਾਓਂ ਲਿਕਵੀਡੇਟਰ: ਵੀਨਸ ਗਾਰਮੈਂਟਸ (ਇੰਡੀਆ) ਲਿਮਟਿਡ (ਲਿਕਵੀਡੇਸ਼ਨ ਅਧੀਨ)

IBBI Reg. No. IBBI/IPA-001/IP-P-02669/2022-2023/14099

AFA ਜਾਇਜ਼, ਮਿਤੀ 30.06.2026 ਤੱਕ

ਏ ਆਈ ਕਾਨੂੰਨੀ ਪੇਸ਼ੇ 'ਚ ਮੁੱਖ ਕਾਰਜਾਂ ਦਾ ਬਦਲ ਨਹੀਂ: ਜਸਟਿਸ ਵਿਸ਼ਵਨਾਥਨ

ਨਾਗਪੁਰ: ਸੁਪਰੀਮ ਕੋਰਟ ਦੇ ਜੱਜ ਜਸਟਿਸ ਕੇ ਵੀ ਵਿਸ਼ਵਨਾਥਨ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਏ ਆਈ ਕਾਨੂੰਨੀ ਪੇਸ਼ੇ ਵਿੱਚ ਮੁੱਖ ਕਾਰਜਾਂ ਦੀ ਥਾਂ ਨਹੀਂ ਲੈ ਸਕਦੀ ਅਤੇ ਸਿਖਲਾਈ ਪ੍ਰਾਪਤ ਕਾਨੂੰਨੀ ਦਿਮਾਗ ਹਮੇਸ਼ਾ ਇੱਕ ਕਦਮ ਅੱਗੇ ਰਹੇਗਾ ਤੇ ਕੋਈ ਵੀ ਐਲਗੋਰਿਦਮ ਇਸ ਦੀ ਥਾਂ ਨਹੀਂ ਲੈ ਸਕਦੀ। ਜਸਟਿਸ ਵਿਸ਼ਵਨਾਥਨ ਇਥੇ ਮਹਾਰਾਸ਼ਟਰ ਨੈਸ਼ਨਲ ਲਾਅ ਯੂਨੀਵਰਸਿਟੀ ਦੀ ਚੌਥੀ ਕਾਨਵੋਕੇਸ਼ਨ ਮੌਕੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। -ਪੀਟੀਆਈ

'ਕਾਨੂੰਨ ਨੂੰ ਵਿਰੋਧੀ ਆਗੂਆਂ ਖ਼ਿਲਾਫ਼ ਹਥਿਆਰ ਬਣਾ ਰਹੀ ਹੈ ਭਾਜਪਾ'

ਨਵੀਂ ਦਿੱਲੀ: ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਆਬਕਾਰੀ ਨੀਤੀ ਮਾਮਲੇ 'ਚ ਬਰੀ ਹੋਣ ਤੋਂ ਇਕ ਦਿਨ ਬਾਅਦ ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਭਾਜਪਾ 'ਤੇ ਵਿਰੋਧੀ ਆਗੂਆਂ ਖ਼ਿਲਾਫ਼ ਕਾਨੂੰਨ ਨੂੰ ਹਥਿਆਰ ਬਣਾ ਕੇ ਵਰਤਣ ਦੇ ਦੋਸ਼ ਲਾਏ ਹਨ। ਸੀਨੀਅਰ ਵਕੀਲ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ ਨੂੰ ਕਾਨੂੰਨਾਂ 'ਚ ਸੋਧ ਕਰਨ ਦੇ ਨਿਰਦੇਸ਼ ਦੇਵੇ ਤਾਂ ਜੋ ਮੈਜਿਸਟਰੇਟ ਵੱਲੋਂ ਜ਼ੁਬਾਨੀ ਅਤੇ ਦਸਤਾਵੇਜ਼ੀ ਸਬੂਤਾਂ ਦੀ ਤਸਦੀਕ ਮਗਰੋਂ ਹੀ ਗ੍ਰਿਫ਼ਤਾਰੀਆਂ ਹੋਣ। ਸਿੱਬਲ ਨੇ ਸਰਕਾਰ 'ਤੇ ਬਸਤੀਵਾਦੀ ਮਾਨਸਿਕਤਾ ਅਪਣਾਉਣ ਦੇ ਵੀ ਦੋਸ਼ ਲਾਏ ਅਤੇ ਕਿਹਾ ਕਿ ਉਹ ਲੋਕਾਂ ਨੂੰ ਪਹਿਲਾਂ ਗ੍ਰਿਫ਼ਤਾਰ ਕਰਦੀ ਹੈ ਅਤੇ ਬਾਅਦ 'ਚ ਸਬੂਤ ਇਕੱਠੇ ਕਰਦੀ ਹੈ। ਇਥੇ ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਕਿਹਾ, "ਅਸੀਂ ਸਰਕਾਰ ਨੂੰ ਪੁੱਛਦੇ ਹਾਂ ਕਿ ਕੇਜਰੀਵਾਲ ਵੱਲੋਂ 126 ਦਿਨ ਅਤੇ ਸਿਸੋਦੀਆ ਦੇ 503 ਦਿਨ ਜੇਲ੍ਹ 'ਚ ਬਿਤਾਉਣ ਦੀ ਜ਼ਿੰਮੇਵਾਰੀ ਕੌਣ ਲਵੇਗਾ। ਇਸ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।" -ਪੀਟੀਆਈ

ਸਰਕੂਲੇਸ਼ਨ, ਇਸ਼ਤਿਹਾਰ ਬੁਕਿੰਗ ਅਤੇ ਹੋਰ ਸਬੰਧਤ ਜਾਣਕਾਰੀ ਲਈ ਕਿਰਪਾ ਕਰਕੇ ਹੇਠ ਲਿਖੇ ਨੰਬਰਾਂ 'ਤੇ ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10.00 ਵਜੇ ਤੋਂ ਸ਼ਾਮੀਂ 5.00 ਵਜੇ ਤੱਕ ਸੰਪਰਕ ਕਰੋ:

ਸਰਕੂਲੇਸ਼ਨ:
0172-2670319, 2670250, 2670442
ਜਾਂ ਈ-ਮੇਲ ਕਰੋ:
circulation@tribunemail.com
ਇਸ਼ਤਿਹਾਰ:
ਕਲਾਸੀਫਾਈਡ: 0172-2670257, 2670338
ਜਾਂ ਈ-ਮੇਲ ਕਰੋ:
classified@tribunemail.com
ਡਿਸਪਲੇਅ: 0172-2670256, 2670342
ਜਾਂ ਈ-ਮੇਲ ਕਰੋ:
advt@tribunemail.com

Published by Arvinder Pal Kaur and Printed by Amit Sharma, for The Tribune Trust
Printed at The Tribune Press, Sector 29-C, Chandigarh
Published at The Tribune, Sector 29-C, Chandigarh
RNI No. 32197/78
Copyright © The Tribune Trust. All rights reserved.
Telephones: 2655066-72
Online Edition www.punjabitribuneonline.com
Email (News): pt@tribuneindia.com
Email (Articles and Magazine): ptarticles@tribunemail.com
Circulation: 0172-2670419, Advertisement: 0172-2670256, 257
Editor-in-Chief: Jyoti Malhotra
Editor: Arvinder Pal Kaur*
***Editor for purpose of PRP Act, 2023**